ੴ ਸਤਿਗੁਰਪ੍ਰਸਾਦਿ ॥

੦ ਅਥ ਕਿੱਸਾ ਦਿਲ ਖੁਰਸ਼ੈਦ ਲਿਖਯਤੇ ੦

ਦੋਹਰਾ—ਕਲਗੀਧਰ ਦਸਮੇਂ ਗੁਰੂ ਤੇਰੀ ਹਮ ਕੋ ਓਟ ॥
ਨਿਜ ਕਰ ਦੇ ਕਰ ਰਾਖੀਏ ਕਰੇ ਨ ਸ਼ਤਰੂ ਚੋਟ ॥

ਸਰਬ ਤਸਨੀਫ਼ ਕਿਤਾਬ

ਕਿੱਸਾ ਖੁਰਸ਼ੈਦ ਦਾ ਅਗੇ ਇਕ ਰੋਸ਼ਨ ਦੀਨ ਬਨਾਯਾ। ਸਾਨੂੰ ਨੀ, ਓਹ ਕਿੱਸਾ ਪੜਕੇ ਸ਼ੋਕ ਵਿਚ ਆਯਾ। ਏਹ ਦਲੀਲ ਮੇਰੇ ਦਿਲ ਆਈ ਸੋਹਣੇ ਸ਼ਿਅਰ ਬਣਾਵਾਂ। ਜੋ ਕੁਛ ਜ਼ੋਰ ਤਬੀਅਤ ਅੰਦਰ ਜ਼ਾਹਰ ਕਰ ਦਿਖਲਾਵਾਂ। ਕਢ ਬੁਖਾਰ ਦਿਲੇ ਦਾ ਸਾਰਾ ਜੇਹੜੀ ਅੱਗ ਪੁਰਾਣੀ। ਕਰ ਮੈਨੂੰ ਹਥ ਆਯੋ ਹੈ ਅੱਜ ਦਿਲਖੁਰਸ਼ੈਦ ਕਹਾਣੀ। ਸ਼ਾਇਰ ਸ਼ੇਅਰਬਨਾਵਨ ਵਾਲੇ ਜੋ ਏਹ ਸ਼ੇਅਰ ਬਨਾਵਨ। ਪਾਸ ਕਿਸੇ ਦੇ ਬੈਂਹਦੇ ਨਾਹੀਂ ਕਲੇ ਥਾਂ ਸੁਹਾਵਨ। ਐਸੀ ਜਗਾ ਢੂੰਡਣ ਜਿਥੋਂ ਕੋਈ ਨਾ ਆਣ ਬੁਲਾਵੇ। ਚਿੜੀ ਜਾਨਵਰ ਦਾ ਭੀ ਨਾਹੀਂ ਕੰਨ ਅਵਾਜ਼ ਨਾ ਆਵੇ। ਜਾਂ ਏਹ ਹੱਥ ਕਲਮ ਫੜ ਬੈਂਹਦੇ ਪੀਂਦੇ ਖੂਨ ਜਿਗਰ ਦਾ ਦਿਲਦੀਆਂ ਆਹੀਂ ਕਢਨ ਬਾਹਰ ਤੋੜ ਜ਼ੰਜੀਰ ਸਬਰ ਦਾ ਅਗਲੀ ਦਸ ਹਕੀਕਤ ਸਾਰੀ ਨਾ ਕਰ ਲੰਮੀਆਂ ਗੱਲਾਂ। ਦਰਦਾਂ ਵਾਲੜਿਆਂ ਨੂੰ ਫੜ ਫੜ ਮਾਰ ਜਿਗਰ ਵਿਚ ਸੱਲਾਂ।

ਕਿਸਾ ਸ਼ੁਰੂ ਦਿਲ ਖੁਰਸ਼ੈਦ

ਰੂਮ ਵਲਾਇਤ ਅੰਦਰ ਸੀ ਇਕ ਸ਼ਹਿਨਸ਼ਾਹ ਬਡੇਰਾ। ਦੌਲਤ ਮੁਲਕ ਹਿਕਮਤ ਸਾਰੀ ਲਸ਼ਕਰ ਫੌਜ ਬਤੇਰਾ। ਖੌਫ ਇਨਸਾਫੋਂ ਅਦਲੋਂ ਖਲਕਤ ਅਮਨ ਅਮਾਨ ਵਸਾਈ। ਚੋਰੀ ਝੂਠ ਅਤੇ ਠਗ ਬਾਜੀ ਕੋਈ ਨਾ ਕਰਦਾ ਸਾਈ। ਉਸਦਾ ਸੀ ਇਕਬੇਟਾ ਸੁਹਣਾ ਸੂਰਤਵੰਤ ਪਿਆਰਾ। ਰੋਸ਼ਨਮੁਖਮਨੋ ਹਰ ਚਮਕੇ ਜਿਉਕਰ ਫਜਰੇ ਤਾਰਾ। ਆਖਣ ਲੋਕੀਂ ਐਸਾ ਸੁਹਣਾ ਨਹੀਂ ਸੀ ਡਿਠਾ ਅਗੇ। ਹਰ ਇਕ ਨਿਕੇ ਵਡੇ ਨੂੰ ਓਹ ਬਹੁਤ ਪਿਆਰਾ ਲਗੇ। ਰਾਤ ਦਿਨੇ ਉਹ ਨਾਲ ਹਿਫਾਜ਼ਤ ਮੈਹਲਾਂ ਦੇ ਵਿਚ ਰੈਂਹਦਾ ਬਾਪ ਪਿਆਰਾ ਉਸਨੂੰ ਹਰਗਿਜ਼ ਬਾਹਰ ਜਾਣ ਨਾ ਦੇਂਦਾ। ਦਿਲਖੁਰਮ ਉਸਨਾਮ ਪਿਆਰਾ ਨਾਲ ਖੁਸ਼ੀ ਰਖਾਯਾ। ਜੋ ਦੇਖੇ ਸੋ ਆਸ਼ਕ ਹੋਵੇ ਐਸਾ ਉਸਦਾ ਸਾਇਆ। ਇਕ

ਦਿਨ ਸਦ ਵਜੀਰਸ਼ਾਹਜਾਦੇ ਆਪਣੇ ਪਾਸਬਹਾਯਾ । ਆਖੇਅਜਸ਼ਿਕਾਰ ਕਰਨ ਦਾ ਸ਼ੌਕ ਮੇਰੇ ਦਿਲ ਆਯਾ । ਰਲ ਵਜੀਰ ਨਾਲ ਮੇਰੇ ਜੰਗਲਵਲੇ ਜਾਈਏ । ਘਰਵਿਚ ਜੀ ਨਾ ਲਗੇ ਮੇਰਾ ਬਾਹਰਦਿਲ ਪ੍ਰਚਾਈਏ। ਗਿਆ ਵਜੀਰ ਸ਼ਹਿਨਸ਼ਾਹ ਅਗੇਹਥਬੰਨਅਰਜਗੁਜਾਰੇ।ਦਿਲ ਖੁਰਮ ਸ਼ਾਹਜਾਦਾ ਹੈ ਅਜ ਚਲਿਆ ਸੈਰ ਸ਼ਿਕਾਰ । ਸ਼ਾਹ ਕੋਈ ਕਹੇ ਦਸੇ ਮੈਨੂੰ ਨੇਕਮਹੂਰਤ ਚੰਗਾ । ਜਾਵੇ ਅਜ ਸ਼ਿਕਾਰ ਸ਼ਾਹਜਾਦਾ ਲਾਹਕੇ ਦਿਲਸੰਗਾ।ਕੁਲਨਜੂਮੀ ਖੋਲ੍ਹ ਕਿਤਾਬਾਂ ਬੈਠੇ ਅਗੇ ਧਰਕੇ ਸੈਰ ਸ਼ਾਹਜਾਦਾ ਕਿਧਰ ਜਾਵੇ ਕੈਹਨ ਦਲੀਲਾਂ ਧਰਕੇ। ਉਤ੍ਰ ਦਖਣ ਪਛਮ ਦੇ ਵਲ ਸੈਰਕਰੇਸ਼ਾਹਜਾਦਾ ਚੌਥੀ ਕੁੰਟੇਪੂਰਬ ਦੇ ਵਲ ਕਰੇ ਨਾ ਮੂਲਇਰਾਦਾ। ਸੁਣਸ਼ਾਹਜਾਦਾ ਓਵੇਂ ਕਰਦਾ ਘੋੜੇ ਤੇ ਅਸਵਾਰੀ ਨਾਲ ਵਜੀਰ ਲਿਆ ਇਕਉਹ ਬਾਕੀ ਮੀਰਸ਼ਿਕਾਰੀ ਰਾਹ ਵਿਚਪੁਛੇ ਦਸ ਵਜੀਰਾ ਤੂੰਹੇਂ ਬੜਾਸਿਆਣਾ।ਪਹਿਲੇ ਪਹਿਲ ਮੁਨਾ ਸਬ ਸਾਨੂੰ ਕੇਹੜੀ ਤਰਫੇ ਜਾਣਾ । ਕਹੇ ਵਜੀਰ ਖੁਸ਼ੀਹੋਸ਼ਾਹ ਜਿਧਰਚਾਹੋ ਜਾਓ । ਪਰ ਇਕ ਚੜਦੇ ਪਾਸੇ ਹਰਗਿਜ ਵਾਗ ਨਾ ਮੂਲ ਉਠਾਓ ਕਹੇ ਸ਼ਾਹਜਾਦਾਕੀ ਹੈ ਉਥੇ ਮੈਨੂੰਦਸ ਸ਼ਤਾਬੀ । ਮੁੜਕੇਅਰਜ ਵਜੀਰ ਗੁਜਾਰੀ ਏਧਰ ਬੜੀ ਖਰਾਬੀ। ਏਧਰਹੈ ਕੋਹਕ ਫ ਜਿਦ ਵਿਚ ਦੇਓ ਹਮੇਸ਼ਾਂ ਰੈਂਹਦੇ ਆਦਮਨੂੰ ਕਛਚੀਜ਼ ਨਾਜਾਨਣ ਖਾਸਤਾਬੀਲੇ ਦੋ।ਕਹੇ ਸ਼ਾਹਜ਼ਾਦਾ ਮਰਦ ਬਹਾਦਰਨਹੀਂ ਕਿਸੇਤੋਂ ਡਰਦੇ ਮਰਦ ਨਹੀਂ ਉਹਜੇਹੜਾ ਡਰਕੇਨਸਘਰਾਂ ਵਿਚ ਵੜਦੇ। ਫੇਰ ਵਜੀਰ ਕਹੇ ਐ ਸ਼ਹਾ ਏਧਰ ਮੂਲ ਨਾ ਜਾਈਂ।ਸਾਰਾ ਬਾਦਸ਼ਾਹੀਨੂੰ ਨਾ ਤੂੰ ਰੋਗ ਉਮਰਦਾ ਲਾਈਂ ਦਿਲਖੁਰਮ ਦਾਅ ਖੇਨਾਹੀਂ ਮੁੜਨਾ ਓੜਕਨੂੰ ਮਰ ਜਾਣਾ।ਕਹੇ ਵਜ਼ੀਰ ਸ਼ਾਹਜ਼ਾਦੇ ਮੇਰੇ ਨਾ ਕਰ ਜ਼ੋਰ ਧਿਙਾਣਾ।ਓੜਕਉਸਵਜ਼ੀਰ ਸਿਆਣੇਬਹੁਤਾਜੋਰ ਲਗਾਯਾ।ਸ਼ਾਹਜ਼ਾਦਾਨਾ ਮੰਨੇ ਘੋੜਾ ਚੜਦੇਤਰਫ ਦੁੜਾਯਾ।ਤੁਰਿਆ ਮਗਰਵਜ਼ੀਰ ਸ਼ਤਾਬੀ ਨਾਲੇ ਮੀਰ ਸ਼ਿਕਾਰੀ । ਤੁਰਦੇ ਜਾਂਨ ਸ਼ਾਹਜ਼ਾਦੇ ਪਿਛੇ ਕਰਦੇ ਗਿਰੀਆ ਜਾਰੀ । ਸ਼ਾਹਜ਼ਾਦੇ ਨਾਲ ਸ਼ਤਾਬੀ ਘੋੜਾ ਤਜ ਚਲਾਯਾ । ਸਭੇ ਦੂਰ ਗਏ ਰਹਿ ਪਿਛੇ ਆਪ ਅਗਾਂਹ ਟੁਰ ਆਯਾ। ਘੋੜਾ ਤੇਜ ਨਹਾਇਤ ਸੀ ਓਹ ਬਾਝ ਪਰਾਂ ਉਡ ਜਾਂਦਾ। ਵਿਚ ਗਯਾ ਸ਼ਹਜ਼ਾਦਾ ਲੈਕੇ ਪੈਂਡਾ ਕਈ ਕੋਹਾਂ ਦਾ।

ਜਾਣਾ ਸਾਹਜ਼ਾਦੇ ਕਾ ਕੋਹਕਾਫ ਮੇਂ ਔਰ ਆਸ਼ਕ ਹੋਣਾ ਇਕ ਸ਼ਾਹਜ਼ਾਦੀ ਪਰ

ਜਾਂ ਦਿਲਖੁਰਮ ਟੁਰਦੇ ਟੁਰਦੇ ਸਾਰਾ ਦਿਨ ਲੰਘਾਯਾ।ਓਹ ਕੋਹਕਾਫ
ਪਹਾੜ ਉਚੇਰਾ ਅਗੋਂ ਨਜਰੀ ਆਯਾ।ਡਰਿਆ ਬਹੁਤਸ਼ਾਹਜ਼ਾਦਾ ਓਥੇਖੌਫ
ਜਿਆਦਾ ਆਵੇ ਤੇ ਇਕ ਦੁਖ ਪਿਆਸ ਜਿਆਦਾ ਉਸਨੂੰ ਪਈ ਸਤਾਵੇ।
ਅਗੇ ਸੀ ਇਕ ਬਾਗ ਅਜੈਬ ਦੂਰੋਂ ਨਜਰੀ ਆਯਾ। ਉਸਦੇ ਵਿਚ ਮਹੱਲ
ਕਿਸੇਨੇ ਮੇਹਨਤ ਨਾਲ ਬਨਾਯਾ।ਬਾਹਰ ਇਸ ਸਫੀਲ ਚੌਹਰੇ ਬੰਦੇ ਜਿਦੇ
ਦਰ ਸਾਰੇ।ਅੰਦਰ ਲੰਘਨ ਕੋਈਨਾ ਰਸਤਾ ਹੁਣਖਲਾ ਚੁਤਾਰੇ।ਸੁਟਕਮੰਦ
ਚੜੇ ਜਾਂ ਉਪਰ ਵਿਚ ਬਗੀਚੇ ਵੜਿਆ ਜੋਰਜਵਾਨੀ ਮਾਨ ਹੁਸਨ ਦਾ
ਨਹੀਂ ਕਿਸੇ ਤੋਂ ਡਰਿਆ ਐਸਾ ਬਾਗ ਅਜਾਇਬ ਸੋਹਣਾ ਸੀ ਓਹ ਕਿਸੇ
ਬਨਾਯਾ। ਹਰ ਹਰ ਕਿਸਮ ਰੁਖ ਲਿਆਕੇ ਉਸ ਨੂੰ ਖੂਬ ਸਜਾਯਾ। ਅਗੇ
ਹੌਜ਼ ਡਿਠਾ ਇਕ ਸੋਹਣਾ ਚਲਣ ਵਿਚ ਫੁਹਾਰੇ । ਤੇ ਇਕ ਬਾਰਾਦਰੀ
ਸੁਨੈਹਰੀ ਉਸੇ ਹੌਜ ਕਿਨਾਰੇ। ਜਾਂ ਦਿਲ ਖਰਮ ਗਿਆ ਅਗਾਹਾਂ ਬਾਰਾ
ਦਰੀਓਂ ਨੇੜੇ।ਉਸਦੇ ਅੰਦਰ ਚੀਜ਼ ਇਕ ਡਿਠੀ ਜ਼ਿਸਦੀ ਲੋ ਚੁਫੇਰੇ। ਹੈ
ਹੈਰਾਨ ਰਿਹਾ ਸ਼ਾਹਜ਼ਾਦਾ ਇਹ ਕੀ ਚਮਕ ਰਿਹਾਈ ਐਸੀ ਲਾਟਾਂਮਾਰਨ
ਵਾਲੀ ਕਿਸ ਇਹ ਚੀਜ਼ ਬਨਾਈ ਯਾ ਤੇ ਦੀਵਾ ਬਲਦਾਹੋਸੀ ਜਿਸ ਏਹ
ਚਾਨਣ ਲਾਯਾ।ਯਾ ਤੇ ਨੂਰੀ ਚੰਦ ਕਿਸੇ ਨੇ ਜਾਦੂਨਾਲ ਬਨਾਯਾ ਕੈਂਹਦਾ
ਦੇਖਾਂ ਕੀ ਕੁਝ ਹੈ ਏਹ ਹੋਗਿਆ ਹੈ ਅਗੇ।ਦੇਖਦਿਆਂ ਦੋ ਨੈਣਾਂ ਵਿਚੋਂ ਤੀਰ
ਜਿਗਰਨੂੰ ਲਗੇ।ਹੋਬੇਹੋਸ਼ ਡਿਗਾ ਗਸ਼ ਖਾਕੇ ਮਾਰੀ ਇਸ਼ਕ ਕਟਾਰੀ।ਅੱਖੀਂ
ਵਿਚੋਂ ਨਾਲ ਹੰਝੂ ਦੇ ਖੂਨ ਗਿਆ ਹੋ ਜਾਰੀ।ਲਟੇ ਪਿਆ ਜਿਮੀਂ ਦੇ ਉਤੇ
ਜਜਬਾਇਸ਼ਕ ਮਜਾਜੀ ਏਹ ਬੀਮਾਰਦੀਦਾਰ ਸਜਨ ਬਿਨ ਕਦੇ ਨ ਹੋਵਨ
ਰਾਜੀ।ਆਈ ਹੋਸ਼ਤੇ ਹੌਲੀ ਹੌਲੀ ਫੇਰ ਉਸ ਨਜਰ ਉਠਾਈ। ਓਹੋ ਚੀਜ
ਸਰਹਾਨੇ ਵਲੋਂ ਮੁੜਕੇ ਨਜਰੀਂ ਆਈ ਅੱਖੀਂ ਮਲਕੇ ਜਾਂ ਉਸਉਤੇ ਵਲ
ਡਿਠਾ ਦੂਜੀ ਵਾਰੀ।ਡਿਠੀ ਇਕ ਜਨਾਨੀ ਬੈਠੀ ਸੂਰਤ ਬਹੁਤੀ ਪਿਆਰੀ
ਇਕਰੁਮਾਲ ਦੂਜੇਹੱਥ ਪਖਾ ਝਲ ਉਹਨੂੰ ਪਈ ਮਾਰੇ ਨਾਲ ਰੁਮਾਲ ਪਿਆਰੇ
ਉਸਦੀ ਮੂੰਹ ਤੋਂ ਗਰਦ ਉਤਾਰੇ । ਨਾਲੇ ਹਸੇ ਨਾਲੇ ਰੋਵੇ ਜਿਉਂ ਕੋਈ
ਦਰਦਾਂ ਵਾਲੀ। 'ਉਠ ਖਲੋਤਾ ਸ਼ਾਹਜ਼ਾਦਾ ਭੀ ਜਾਂ ਉਸ ਸੂਰਤ ਸੰਭਾਲੀ

ਡਰਦਾ ਡਰਦਾ ਪੁਛੇ ਉਸ ਤੋਂ ਕੀ ਚੀਜ਼ ਨਿਆਰੀ।ਆਦਮ ਜਿੰਨ ਫਰਿ-
ਸ਼ਤਾ ਹੈਂ ਤੂ ਖਾਕੀ ਹੈਂ ਯਾ ਨਾਰੀ।ਜੇਕਰ ਹੂਰ ਬਹਿਸ਼ਤੀ ਤੂੰ ਹੈਂ ਕੇ ਦੁਨੀਆਂ
ਤੇ ਆਈ।ਏਥੇ ਦੁਖ ਅੰਦੋਹਕਜੀਏ ਸੁਖਨਹੀਂ ਇਕ ਰਾਈ।ਜੇਕਰ ਨਸਲ
ਪਰੀ ਦੀ ਹੈਂ ਤੂੰ ਜਾਈਂ ਨ ਮਾਰ ਉਡਾਰੀ।ਕਾਹਨੂੰ ਹਸੇਂ ਕਾਹਨੂੰ ਰੋਵੇਂ ਦਸ
ਹਕੀਕਤਸਾਰੀ ਤਾਂਉਸ ਨਾਜ਼ਕਹੋਠਗੁਲਾਬੀ ਨਾਲ ਮਹਾਦਤ ਖੋਲੇ।ਸ਼ੀਰੀਂ
ਕਰਨ ਗਲਾਂ ਓਹ ਲੱਗੀ ਹੌਲੀ ਹੌਲੀ ਬੋਲੇ।ਆਖੇ ਨਾਂ ਮੈਂ ਜਿੰਨ ਪਰੀ ਹਾਂ
ਹੂਰ ਬਹਿਸ਼ਤੋਂ ਆਈ।ਮੈਂ ਹਾਂ ਆਦਮਜਾਤ ਜਨਾਨੀ ਬਾਦਸ਼ਾਹ ਦੀ ਜਾਈ
ਏਥੇ ਚੁਕਲਿਆਂ ਦੀ ਦਵਾਂ ਦੇਸੋਂ ਉਜੜ ਆਈ।ਮਾਂ ਤਿਓ ਭੈਣਭਰਾਵਾਂ ਕੋਲੋਂ
ਪਾਈ ਰੱਬ ਜੁਦਾਈ ਵਤਨ ਵਲੈਤਅੰਦਰ ਸਾਡਾਰਾਜ ਹਕੂਮਤ ਸਾਰਾ।ਨੂਰ
ਜਮਾਲ ਮੇਰੇਪਤੀਦਾਹੈਗਾਨਾਮ ਪਿਆਰਾ।ਬਾਰਾਂਸਾਲ ਪਿਛੋਂ ਮੈਨੂੰ ਆਦਮ
ਰੂਪ ਵਖਾਯਾ।ਸੂਰਤ ਸੋਹਣੀਦੇਖ ਤੇਰੀ ਮੈਨੂੰ ਹਾਸਾ ਆਯਾ ਤੇ ਉਸ ਰੋਵਨ
ਵਾਲਾ ਤੈਨੂੰ ਸਾਰਾਹਾਲਸੁਨਾਵਾਂ।ਸਦਕੇ ਜਾਵਾਂਘੋਲਘੁਮਾਵਾਂ ਜਾਨਮੇਰੀਮਰ
ਜਾਵਾਂ।ਜਵਾਲਦਿਓ ਜੋਆਯਾ ਜਿਸਵੇਲੇ ਛਡੇਗਾ ਨਾ ਤੈਨੂੰ।ਏਸੇ ਗਲੋਂ ਐ
ਸ਼ਾਹਜਾਦੇ ਰੋਣਾਆਇਆ ਮੈਨੂੰ।ਕਹੇ ਸ਼ਾਹਜ਼ਾਦਾ ਕਿਸੇਤਰਾਂ ਓਹ ਛਡੇਗਾ
ਕੇ ਨਾਹੀਂ।ਜਿਉਂਕਰ ਜਾਨੇਂ ਕਿਸੇਬਹਾਨੇ ਮੇਰੀਜਾਨ ਬਚਾਏਂ।ਏਹ ਸ਼ਾਹ-
ਜ਼ਾਦੀ ਰੱਖਤਸੱਲੀ ਤੈਨੂੰਆਪ ਬਚਾਵਾਂ।ਏਹ ਗਲਕੈਹਕੇ ਸ਼ਾਹਜ਼ਾਦੀ ਇਕ
ਕੱਚੀਤੰਦ ਮੰਗਵਾਵੇ ਮੰਤ੍ਰ ਪੜਕੇ ਨਾਲ ਸ਼ਤਾਬੀ ਗਲ।ਉਸਦੇਵਿਚ ਪਾਵੇ
ਦਿਲਖੁਰਮ ਨੇ ਦੁਨੀਆਂ ਵਾਲਾ ਹੋਸ਼ ਹਵਾਸ ਭੁਲਾਯਾ।ਮੱਖੀ ਜੇਡਾ ਕਦ
ਹੋਇਓਸੁ ਜਾਦੂ ਜੋਰ ਜਾ ਪਾਇਆ। ਨੂਰ ਜਮਾਲ ਸ਼ਤਾਬੀ ਫੜਕੇ ਡਬੀ
ਵਿਚ ਲੁਕਾਯਾ।ਉਰਾਂਨੂੰ ਜਵਾਲਦਿਓ ਭੀ ਨਾਲਸ਼ਤਾਬੀ ਆਯਾ।ਜੋ ਮੇਵਾ
ਆਂਦਾ ਉਸ ਖਾਤ੍ਰ ਅਗੇ ਚਾ ਟਕਾਯਾ।ਸ਼ਾਹਜ਼ਾਦੀ ਕੁਛ ਥੋੜਾਥੋੜਾ ਉਸਦੇ
ਵਿਚੋਂ ਖਾਯਾ।ਦਿਲਖੁਰਮ ਦੀ ਖਾਤ੍ਰ ਬਾਕੀ ਅਮਨ ਅਮਾਨ ਟਕਾਯਾ।ਰਾਤ
ਪਈਹੁਣਦਿਓਤਾਂਕੀਦਦਗਾਲਬ ਪਾ ਜਾ।ਹੁਣਏਹਓਹਲੇਹੋਕੇਸ਼ਾਹਜ਼ਾਦੇ
ਨੂੰ ਆਦਮਰੂਪ ਬਨਾਵੇ।ਤੇ ਓਹਮੇਵਾ ਨਾਲ ਮੁਹੱਬਤ ਉਸਨੂੰ ਚਾ ਖਵਾਵੇ
ਮੇਵਾ ਖਾਕੇ ਦਿਲ ਖੁਰਮ ਵਿਚ ਸ਼ੁਕ੍ਰ ਅੱਲਾਦਾ ਕਰਦਾ ਰਾਤ ਗਈ ਲੰਘ
ਨਾਲ ਖੁਸ਼ੀ ਦੇ ਹੋਯਾ ਵਕਤ ਫਜਰ ਦਾ ਨੂਰ ਜਮਾਲ ਸ਼ਾਹਜ਼ਾਦੇ ਨੂੰ ਹੁਣ

ਮੱਖੀ ਸ਼ਕਲ ਬਨਾਵੇ। ਜਾਦੂਦਾ ਕਰਜੇਤ ਸ਼ਤਾਬੀ ਡੱਬੀ ਅੰਦਰ ਪਾਵੇ ਉਠਿਆ ਦੇਉ ਜਵਾਲ ਹਰਾਮੀਮਾਰਬੁਲੰਦ ਪੁਕਾਰਾ।ਬਾਰਾਂ ਦੀਆਂਹੌਦ ਬਗੀਚੇ ਕੰਬਿਆ ਥਰਥਰ ਸਾਰਾ। ਆਖੇ ਆਦਮ ਜਾਤ ਕੋਈ ਹੈ ਵਿਚ ਬਗੀਚੇਮੇਰੇ। ਲਿਆਓ ਉਸਨੂੰ ਖਾਵਾਂ ਜਲਦੀ ਕਰਕੇ ਬੇਰੇ ਬੇਰੇ। ਨੂਰ ਜਮਾਲ ਕਹੇਮੈ ਹਾਜਰਏਥੇ ਜੋਰ ਨਾਕੋਈਬਾਗ ਤੇਰੇਵਿਚ ਆਵਨ ਸੰਦਾ ਕਿਸਨੂੰ ਤਾਕਤਹੋਈ। ਏਥੇ ਚਿੜੀ ਜਾਨਵਰ ਕੋਈ ਪੰਛੀ ਨਜ਼ਰਨ ਆਵੇ ਕੀ ਆਜਜ਼ਇਨਸਾਨ ਵਿਚਾਰਾਬਾਗ ਤੇਰੇਵਿਚਆਵੇ। ਬੇਰ ਜਵਾਲਕਹੇ ਐ ਦਿਲਬਰ ਮੇਰੀ ਜਾਨ ਪਿਆਰੀ। ਰੰਝਨਾ ਹੋਵੇ ਖਫਗੀ ਦਿਲ ਵਿਚ ਦੇਵਾਂਅਰਜ਼ ਗੁਜਾਰੀ। ਦੇਵਾਂ ਦਾ ਦਸਤੂਰ ਹਮੇਸ਼ਾਂ ਜਾਂਦੇ ਸੈਰ ਫਰਜ ਨੂੰ ਰਾਤ ਪਏਤੇ ਆਵਨਸਭੇ ਆਪੇ ਆਪਣੇ ਘਰ ਨੂੰ। ਵੇਲਾ ਹੋਰਾਤਾਂ ਉਠ ਜਵਾਲ ਨਾਲਉਨਾਂਦੇ ਜਾਵੇ। ਨੂਰ ਜਮਾਲ ਸ਼ਤਾਬੀ ਪਿਛੋਂ ਡੱਬੀ ਕੱਢ ਲਿਆਵੇ। ਦਿਲਖੁਰਮਨੂੰ ਮੰਤਰਪੜ੍ਹਕੇ ਆਦਮ ਰੂਪ ਬਨਾਯਾ। ਖਾਣਾ ਖਾਵਣ ਨਾਲਮੁਹੱਬਤ ਅੱਲਾਦਰਦ ਗਵਾਯਾ। ਛਡ ਰੀਹਸ ਬਖਸ਼ਹੁਣ ਏਥੇ ਦਿਲ ਖੁਰਮ ਦੇ ਤਾਈਂ। ਪਿਛਲੀ ਗੱਲ ਸੁਨਾਈ ਏਪਰ ਮੁੜ ਕੇ ਫੇਰਾ ਪਾਈਂ।

ਖਬਰ ਹੋਣੀ ਸ਼ਾਹਜ਼ਾਦੇ ਦੇ ਘਰ ਮੇ ਅੋਰ ਹਾਲਤ ਬੇਕਰਾਰੀ ਉਸਕੇ ਵਾਲਦੇਨ ਕੀ

ਜਾਂ ਸ਼ਾਹਜ਼ਾਦੇ ਜੰਗਲ ਅੰਦਰਘੋੜਾ ਤੇਜ਼ਦੁੜਾਯਾ। ਢੂੰਡ ਵਜ਼ੀਰ ਰਿਹਾ ਪਰ ਉਸਨੂੰ ਨਜ਼ਰ ਕਿਤੇਨਾਆਯਾ।ਓੜਕ ਹੋਲਾਚਾਰ ਨਿਹਾਇਤਪਰਤ ਪਿਛਾਂਨੂੰਆਵੇ। ਆਕੇ ਆਪਣੇ ਸ਼ਹਿਨਸ਼ਾਹਨੂੰ ਸਾਰੀਗੱਲ ਸੁਣਾਵੇ। ਕੀ ਮੈਂਹਾਲ ਸੁਨਾਵਾਂ ਅਗੇਹਾਲ ਗਮਾਂਦਾਸਾਰਾ। ਰੋਵਨਲਗੀਕੁਲਕਚੈਰੀ ਮੈਲੀਂਪਿਆਪੁਕਾਰਾ। ਮਾਵਾਂਨੂੰ ਗਮ ਸਭਤੋਂ ਬਹੁਤਾਦਰਦਇਨ੍ਹਾਂਦੇਭਾਰੇ ਤਾਤਕਰਹੀਨਾਬਚਨਯੋਗੀ ਨਾਲ ਜ਼ਿਮੀਸਿਰ ਮਾਰੇ। ਵੇਖੱਚਾਮੈਂ ਸੂਰਤ ਤੇਰੀ ਕਿਥੋਂ ਢੂੰਡ ਲਿਆਵਾਂ।ਆ ਮਿਲ ਬਹੁਤਸ਼ਤਾਬੀਮੈਂ ਰੋਂਦੀਨਾਮਰ ਜਾਵਾਂ। ਕਿਥੇਬੈਠ ਰਿਹੇ ਤੂੰਬੱਚਾ ਦਾਗ ਜਿਗਰਨੂੰਲਾਕੇ ਆਪਣੀਹਥੀਂ ਕਰਜਾ ਮੇਰਾ ਗੋਰਜਨਾਜਾ ਆਕੇ। ਮੈਂਬਰੂੰਦੁਖ ਨਾਂ ਝਲਣਜੋਗੀ ਏਹ

ਕੀਧਾੜ ਪਈਜੀ ।ਦਸੋਨੀ ਕੋਈ ਜਾਨਮੇਰੀ ਨੂੰ ਓਹਕੇਹੜੇ ਰਾਹ ਗਈ ਜੀ।ਦਸੋ ਨੀ ਕੋਈ ਚੰਦਮੇਰਾ ਕਿਸ ਬਦਲੀ ਵਿਚ ਆਯਾ । ਕੇਹੜੇ ਖੂਹ ਵਿਚ ਯੂਸਫਮੇਰਾ ਕਿਸਨੇਹੈ ਪਾਯਾ।ਆਹੀਂ ਮਾਰੇਹਾਲਪੁਕਾਰੇ । ਰੋਰੋਭੈਣ ਪਿਆਰੀ ਵੀਰਾਆ ਸਤਾਬੀਘਰ ਨੂੰ ਮੈਂਸਦਕੇ ਮੈਂਵਾਰੀ । ਏਵੇਂ ਬਾਪ ਪਿਆਰਾ ਰੋਵੇ ਖਲੀਆਂ ਬਾਹੀਂਕਰਕੇ।ਬੱਚਾ ਕੌਣ ਤਖਤ ਤੇਬੈਹਸੀ ਤਾਜ ਸਿਰੇ ਪਰਧਰਕੇ। ਭੁਲ ਗਿਆ ਮੈਂਤੈਨੂੰ ਘਰਤੋਂ ਬਾਹਰਜਾਣ ਨਾ ਦੇਂਦਾ ਅੱਜ ਵਿਛੋੜਾ ਦਰਦਾਂਵਾਲਾ ਕਿਉਂ ਆ ਮੇਨੂੰ ਪੈਂਦਾ ਆਪ ਗਿਉਂ ਟੁਰ ਬਾਝ ਪਿਆਰੇ ਸੁੰਞੇਂ ਮਹਿਲਮੁਨਾਰੇ ਅੰਦਰ ਸ਼ਹਿਰ ਅੰਧੇਰਾ ਹੋਯਾ ਤੇਰੇ ਬਾਝਨਜਾਰੇ। ਏਵੇਂ ਰੋਰੋਕੇ ਉਸ ਸ਼ਾਹਨੇ ਸਾਰੀ ਰਾਤ ਲੰਘਾਈ । ਫਜਰ ਵੇਲੇਨਾਲ ਕਜੀਏ ਉਸਨੂੰ ਨੀਂਦਰਆਈ। ਸੁਫਨੇਦੇ ਵਿਚਬਾਗ ਡਿਠਾ ਇਕ ਗਿਰਦੇਚਾਰ ਦਵਾਰੀ । ਬਾਰਾਂਦਰੀਆਂ ਹੌਜ ਫੁਵਾਰੇ ਤੇ ਵਿਚਕਾਰ ਅਟਾਰੀ। ਓਥੇ ਦਿਲਖੁਰਮਬੈਠਾ ਤੇ ਇਕਪਾਸੇ ਸ਼ਾਹਜ਼ਾਦੀ। ਆਖੇਬੱਚਾ ਕਿਉਂਟੋਰਆਇਓਂ ਲੈਕੇਖੁਸ਼ੀਆਂਸਾਡੀ ।ਕਹੇਸ਼ਾਹਜ਼ਾਦਾ ਕਿਬਲ ਗਾਹਾ ਨਾਗਮਕਰੋ ਧਙਾਨੇ। ਬੇਟਾਤੇਰਾ ਖੁਸ਼ੀਆਂਦੇ ਵਿਚਬੈਠਾਮੌਜਾਂਮਾਣੇ ।ਓਹ ਕੋਹਕਾਫ ਚੋਫੇਰੇਕਾਬਾ ਇਸਵਿਚ ਬਾਗਦੇਵਾਂ ਦਾ । ਮਾਲ ਕਨੂੰ ਜਵਾਲ ਬਹਾਦਰ ਸਭਤੇਹੁਕਮ ਚਲਾਂਦਾ। ਜਾਂਉਸ ਸੁਫਨਾ ਦੇਖ ਲਿਆਣੇ ਜਾਗ ਸਤਾਬੀਆਈ। ਆਏ ਕਿਧਰਗਿਆ ਪਿਆਰਾਗੱਲਾਂਕਰਦਾ ਹਾਈ।ਸਦ ਵਜ਼ੀਰਬੁਲਾਯਾਨੇੜੇ ਓਹੋਮਰਦ ਸਿਆਣਾ। ਤੈਨੂੰ ਪੈਂਡਾਪਿਆ ਦੁਰਾਡਾ ਕੋਹਕਾਫ ਵਿਚਜਾਣਾਂ । ਦਿਲ ਖੁਰਮ ਨੂੰ ਲਿਆਸ਼ਤਾਬੀ ਨਹੀਂਤੇਮਾਰ ਦੇਊਂਗਾਪੁਤਰ ਧੀਆਂ ਨਿਕੇਵਡੇ ਸਭ ਹਲਾਲ ਕਰੂੰਗਾ। ਪੰਜਬਰਸਾਂਦੀ ਮੈਂਨੂੰ ਮੋਹਲਤਦਿੱਤੀਸਾਰੀ।ਜਾਸ਼ਤਾਬੀ ਏਸੇਵੇਲੇ ਕਰਲੈ ਕੂਚ ਤਿਆਰੀ ਉਨਵਜ਼ੀਰਖਲੋਤਾ ਓਵੇਂਭਰਿਆ ਦਰਦਗਮਾਂ ਦਾ। ਰੋਂਦਾ ਰੋਂਦਾਨਾਲ ਸ਼ਤਾਬੀਘਰਆਪਣੇਵਲਜਾਂਦਾਜਾਕੇਆਪਣੇ ਕੁਨਬੇਅੰਦਰ ਸਾਰਾ ਹਾਲ ਸੁਨਾਯਾ।ਆਖੇਪੰਜਵਰੇ ਜਿੰਦਗਾਂਨੀ ਮੌਤ ਸੁਨੇਹਾ ਆਯਾ ਓਹਕੋਹਕਾਫ ਦੇਵਾਂਦਾਂ ਵਾਸਾਓਥੇ ਕਿਸੇਨਾਂਜਾਣਾਂ। ਦਿਲਖੁਰਮਦਾ ਲਭੇਸਾਨੂੰ ਸਾਡਾ ਜੋਰਨਾਂਜਾਂਨਾਂ। ਦਸ ਰਹੀਮ ਬਖਸ਼ ਹੁਣ ਏਥੇਕੀ ਤਦਬੀਰ ਬਨਾਵਾਂ ।

ਕੇਹੜੇ ਨਾਲ ਵਸੀਲੇ ਸ਼ਾਹ ਤੋਂ ਜਾਨ ਬਚਾਵਾਂ।

ਵਜ਼ੀਰ ਦੀ ਲੜਕੀ ਕਾ ਇਜਾਜ਼ਤ ਤਲਬ ਕਰਨਾ ਬਾਪ ਸੇ ਔਰ ਆਖਰ ਮਿਲਣਾ ਔਰ ਜੋਗਨ ਬਣਕੇ ਜਾਣਾ

ਦਿਲ ਖੁਰਸ਼ੈਦਉਹਦੀ ਇਕ ਲੜਕੀ ਬਹੁਤਦਨਾ ਸਯਾਨੀ। ਚੌਦਾਂਬਰ ਸਾਂ ਦੀਉਸਦੀ ਸੂਰਤਪਹਿਲੀਉਮਰਜਵਾਨੀ।ਜਾਵਾਂਗੀਕੋਹਕਾਫਪਹਾੜੀ ਜੋਗਨਵੇਸ ਬਨਾਵਾਂ। ਮਾ ਬਹੁਤੇਰਾ ਵਰ ਜੇ ਧੀਏ ਤੇਨੂ ਖੌਫਨਾਆਵੇਜੇ ਕੁਛਹਾਲਅਸਾਡਾਸੋਈ ਤੇਰੇ ਨਾਲਵਿਹਾਵੇ।ਦੀਲਖੁਰਸ਼ੈਦ ਕਹੇ ਨਾਹੀਂ ਮਰਨਾਂ ਐਵੇਂਗਲ ਚੰਗੇਰੀ। ਪੰਜਾਂ ਬ੍ਰਸਾਂ ਅੰਦਰ ਲਾਵਾਂ ਵਾਜੋ ਲਗੇਮੇਰੀ ਸ਼ਾਇਦਅੱਲਾ ਆਸ ਪੁਜਾਵੇ ਸ਼ਾਹਜ਼ਾਦੇ ਨੂੰ ਲਿਆਵਾਂ। ਬਾਪ ਬੂਢਾ ਤੇ ਵੀਰ ਅੰਞਾਨੇ ਕਿਸਨੂੰਹੋਰ ਡਰਾਵਾਂ।ਆਖੇ ਬਾਬਲ ਮਿਲ ਲੈਜਲਦੀਧੀ ਤੇਰੀਟੁਰਚਲੀ। ਲੰਮਾਂਸਫਰ ਮੁਸਾਫਰਬਣਕੇ ਚਲੀ ਕਲ ਮਕਲੀ। ਤੇਰੇ ਦੇਸੋਂ ਉਠਖਲੋਤਾਮੇਰਾਖਾਨਾ ਦਾਨਾ।ਏਹੋ ਵੇਲਾ ਛੇਕੜਮੇਲਾਫੇਰਅਸੀਂ ਤੁਰਜਾਨਾ। ਰੋਰੋਕੈਂਹਦੀ ਤੂੰਭੀ ਮੈਨੂੰਮਿਲਲੈ ਮੇਰੀਏ ਮਾਏ। ਨਾਲ ਵੀਰ ਮਲਾਈਂਮੇਰੇ ਦੋਵੇਂਬਾਬਲਜਾਏ। ਨੀ ਅੰਮਾਂ ਮੈਂ ਕਿਥੋਂ ਮੁੜ ਇਹਦੇਖਾਂ ਵੀਰ ਪਿਆਰੇ। ਕੁਛੜਲੈ ਦੋਹਾਂ ਨੂੰਨਾਲੇ ਰੋਰੋ ਧਾਹਾਂ ਮਾਰੇ। ਚੁੰਮੇਂਮੂੰਹ ਦੋਹਾਂਨੂੰਪਿਆਰੇ ਨਾਲ ਕਲੇਜੇਲਾਵੇ। ਖਬਰੇ ਮੈਨੂੰ ਦੇਸ ਤੁਹਾਡੇਨਾਂ ਰੱਬ ਫੇਰ ਲਿਆਵੇ।ਨਾਮੈਂ ਘੋੜੀਚੜਦੇ ਡਿਠੇ ਨਾ ਮੈਂ ਫੜੀਆ ਵਾਗਾ ਅੱਜ ਜੁਦਾਈਆਂ ਪਾ ਵਖਾਈਆਂ ਮੈਨੂੰ ਮੇਰਿਆਂ ਭਾਗਾਂ। ਯਾ ਰੱਬਮੇਰੇ ਵੀਰ ਪਿਆਰੇ ਸਹੀ ਸਲਾਮਤ ਰਖੀਂ। ਏਹਮਾਵਾਂਦੇ ਦਿਲਦੇਟੁਕੜੇ ਤੇਪੇਵਾਂਦੀ ਅੱਖੀਂ। ਜੇਤੂੰਦੁਖ ਇਨ੍ਹਾਂ ਨੂੰ ਦੇਨਾਂ ਮੈਨੂੰ ਦੇ ਸ਼ਤਾਬੀ। ਨਾਂ ਤਕਲੀਫ ਉਠਾਂਵਣਮੇਰੇ ਸੋਹਣੇਫੁਲਗੁਲਾਬੀ। ਗਾਲੋਂਨਾਂਲਾਵੇਨਾਂ ਦਿਲ ਭਾਵੇਹੇਠ ਨਾਂਮੂਲ ਉਤਾਰੇ। ਉਹਭੀ ਦੋਵੇਂ ਰੋਵਣਲਗੇ ਸੋਹਣੇਬਾਲ ਪਿਆਰੇਨਿਕਾ ਵੀਰ ਪੁਛੇਂਦਾ ਭੈਣੇਤੂੰ ਅੱਜਕਾਂਹਨੂੰ ਰੋਂਦੀ। ਕੇਹੜੀਗੱਲ ਰੁਵਾਵੇਤੈਨੂੰਹੁਣ ਤਕ ਚੁਪਨਾਂਹੁੰਦੀ। ਮੈਂ ਤੁਰ ਚਲੀ ਸੋਹਣਿਆਂ ਵੀਰਾਪਾਏ ਰੱਬ ਵਿਛੋੜੇ ਮੁੜਕੇ ਤੈਨੂੰ ਕਦੋਂਵੇਖਾਂ ਅੱਜਕਰਨੀਆਂ ਹੋੜੇ। ਜੇਤੂ ਵੀਰ ਪਿਆਰਾ ਮੇਰਾ ਰੋਨੋਂਵਰਜ ਨਾਂ ਮੈਨੂੰ।ਉਸਦਿਨ ਰੋਣਾਬੰਦ ਹੋਵੇਗਾ ਫੇਰ ਮਿਲਾਂ ਜੇਤੈਨੂੰ

ਨਾਲ ਸ਼ਤਾਬੀ ਬਾਲ ਅਞਾਣਾ ਗਲਨੂੰ ਜਫੀ ਪਾਵੇ। ਤੂਕਿਥੇਟੁਰਚਲੀ
ਭੈਣੇ ਰੋਰੋਕੇ ਫੁਰਮਾਵੇ।ਭੈਣਕਹੇ ਨਾ ਪੁਛ ਪਿਆਰੇ ਦਰਦ ਗਮਾਂਦੀਆਂ
ਗੱਲਾਂ। ਨਾਹੀਂਗਲੀਂਪੈਣਅਸਾਂ ਨੂੰਵਿਚ ਜਿਗਰ ਦੇ ਸੱਲਾਂ। ਰੋਵਾਂ ਨਾ
ਹੋਰਕਰਾਂ ਕੀ ਵੇਲਾਰੋਵਣਵਾਲਾ। ਨਾ ਅੰਮਾਂਤੂੰ ਸੁਣ ਮੇਰਾ ਦਰਦ ਗਮਾਂ
ਦਾ ਹਾਂਲਾ। ਅੱਮਾਂ ਤੂੰ ਪਾਲਣ ਵਾਲੀ ਮੇਰੀ ਜਾਨ ਪਿਆਰੀ। ਅੱਜ
ਵਿਛੋੜਾ ਪੈਗਿਆ ਮੈਨੂੰ ਤੇਰਾਇਕੋ ਵਾਰੀ।ਐ ਬਾਬਲ ਟੁਰਚਲੀ ਭਾਵੇਂ
ਤੇਰੀ ਧੀ ਕਵਾਰੀ। ਮਾਂ ਮੇਰੀਨੂੰ ਚੁਪ ਕਰਾਲੈ ਕਰੇਨਾ ਗਿਰੀਆ ਜਾਰੀ
ਐਬਾਬਲ ਤੂੰਕਰਲੈ ਹੋਕੇ ਨਾਲ ਮੇਰੇਦੋ ਗਲਾ। ਮੇਰਾਪੈਂਡਾ ਖੋਟਾਹੁੰਦਾ
ਉਠਸਵੇਰੇਚੱਲਾਂ। ਓੜਕ ਟੁਰਨਾ ਬਹੁਤ ਜਰੂਰੀ ਹੁਕਮਆਯਾ ਸਰਕਾਰੀ
ਅਧੀ ਰਾਤ ਹੋਈ ਜਿਸ ਵੇਲੇ ਕਰਦੀ ਸਫਰ ਤਿਆਰੀ। ਅਤਲਸ ਤੇ
ਖੀਨਾ ਪਾਬ ਸੁਨੈਹਰੀ ਕੁਲਪੁਸ਼ਾਕ ਉਤਾਰੇ। ਗੇਰੀਨਾਲ ਰੰਗਾਕੇ ਲੀੜੇ
ਭਗਵੇ ਕਰਲੈ ਸਾਰੇ ਹਥ ਵਿੱਚ ਬੀਨ ਗਲੇ ਵਿਚ ਮਾਲਾ ਦਿਲ ਵਿਚ
ਯਾਦ ਇਲਾਹੀ। ਨਾਜ਼ਕ ਮੂੰਹ ਹੱਥਪੈਰਾਂ ਉਪਰ ਕੁਲ ਭਬੂਤ ਲਗਾਈ।
ਕਛੇਮਾਰ ਬਰਾਗਣ ਚਲੀਕੂੰਜਾਂਜੁਦਾ ਹੋ ਡਾਰੋਂ। ਤੇਰੀ ਇਹ ਅਮਾਨਤ
ਰੱਬਾ ਕਹਿੰਦੀ ਮਾਂ ਪਿਆਰੋਂ। ਵਾਰੀ ਵਾਰੀ ਸਭਨਾਂ ਤਾਈਂ ਰੋ ਰੋ ਗਲੇ
ਲਗਾਵੇ। ਚਲੋ ਸਈਓ ਨੀ ਟੋਰੋ ਮੈਨੂੰ ਜੇ ਰੱਬ ਆਸ ਪੁਜਾਵੇ। ਦਿਲ
ਖੁਰਸ਼ੈਦ ਤੁਹਾਡੇ ਵਿਚੋਂ ਅੱਜਵਿਦਾ ਹੋਚੱਲੀ। ਚਲੋਸਈਓ ਨੀਟੋਰੋਮੈਨੂੰ
ਮੈ ਪ੍ਰਦੇਸਨ ਖਲੀ। ਓੜਕ ਵਿਦਾ ਕਰਕੇ ਉਸਨੂੰ ਮੁੜੀਆਂ ਸਭੇ
ਸਈਆਂ। ਕੱਲ ਮਕੱਲੀ ਚਲੀ ਸਈਆਂ ਹੋਰ ਘਰਾਂ ਨੂੰ ਗਈਆਂ ॥

ਦਿਲ ਖੁਰਸੈਦ ਦਾ ਦਿਲ ਖੁਰਮ ਨੂੰ ਲਭਣ ਜਾਣਾ ਅਤੇ
ਪਹਲੀ ਰਾਤ ਸੱਪਾਂ ਦੇ ਕਾਬੂ ਆਉਣਾ

ਕੱਲੀ ਜਾਨ ਮੇਰੀ ਹੁਣਰੱਬਾ ਸਾਥੀਹੋਰ ਨਾਕੋਈ। ਇਕੋ ਆਸ ਤੇਰੀ
ਤੇ ਮੈਂ ਹਾਂ ਅੱਜਰਵਾਨਾ ਹੋਈਅੱਲਾ ਅਗੇਗੱਲਸੁਨਾਂਦੀ। ਟੁਰਦੀ ਜਾਂਦੀ
ਸਾਈ। ਪਹਿਲੀ ਰਾਤ ਵਿਛੋੜੇ ਵਾਲੀ ਜੰਗਲ ਅੰਦਰ ਆਈ। ਹੇਠ
ਵਿਛਾ ਮ੍ਰਿਗਾਨਸ਼ਤਾਬੀਬਿਸਤ੍ਰ ਖੂਬ ਬਣਾਵੇ।ਦਿਲਆਪਣਾ ਪਰਚਾਵਨ
ਲਗੀ ਸੋਹਣੀ ਬੀਨਬਜਾਵੇ। ਉਸਦਿਨ ਚੰਦਮਨੋਹਰ ਪੂਰਾ ਚੌਦਾਂਦਿਨ

ਦਾ ਹਾਈ। ਚੜ੍ਹਦੇ ਵਲੋਂ ਸਰਪ ਦਿਸ ਆਯਾ ਲਾਯਾ ਰੁਸ਼ਨਾਈ। ਦੂਜਾ ਚੰਦ ਮਨੋਹਰ ਉਸਦੇ ਬੈਠ ਹੋਯਾ ਅਗੇ। ਇਸਦਾ ਮੁਖ ਜ਼ਿਆਦਾ ਰੋਸ਼ਨ ਲੌ ਚਫੇਰੇ ਲਗੇ। ਦੋਵੇਂ ਤਰਫੋਂ ਕਾਲੇ ਵਾਲ ਖਿਲਾਰੇ ਉਸਦੇ ਸਿਰ ਦੇ ਜਿਉਂ ਕਰ ਬੱਦਲ ਫਿਰਨ ਚੌਫੇਰੇ ਬੰਦ ਬਦਲ ਦੇ ਗਿਰਦੇ। ਆਪਣੇ ਮਸਤ ਹੁਸਨ ਵਿਚ ਬੈਠੀ ਖੁਸ਼ੀਓਂ ਬੀਨ ਵਜਾਏ।ਸੁਣਕੇਬੀਨ ਕਿਤੋਂਇਕ ਬੰਦਾ ਨੇੜੇ ਉਸਦੇ ਆਵੇ। ਹੋਯਾ ਘਾਇਲ ਦੇਖਦਿਆਂ ਓਹ ਸੂਰਤ ਸੁੰਦਰ ਪਿਆਰੀ। ਤੇ ਇਕ ਬੀਨ ਅਵਾਜੇ ਵਿਚੋਂ ਉਸ ਨੂੰ ਚੜ੍ਹੀ ਖੁਮਾਰੀ। ਦਿਲ ਖੁਰਸ਼ੈਦ ਉਸਦੇ ਵਲ ਕੁਝ ਖਿਆਲ ਨਾ ਕਰਦੀ। ਲਵੇ ਬੀਨ ਵਜਾਵੇ ਬੈਠੀ ਸੂਰਤ ਚੰਦਰ ਬਦਰ ਦੀ। ਰਖੀ ਬੀਨ ਸਰਹਾਣੇ ਆਪਣੇ ਜਾਂ ਦਿਲ ਰਾਜੀ ਹੋਇਆ। ਉਹ ਬੰਦਾ ਭੀ ਨਾਲ ਸ਼ਤਾਬੀ ਉਥੋਂ ਉਠ ਖਲੋਇਆ। ਤੇ ਇਕ ਤੋਹਫਾ ਚੀਜ਼ ਪਿਆਰੀ ਦੇਂਦਾ ਉਸਦੇ ਤਾਈਂ।ਨਾਲੇ ਪੁਛਦਾ ਕੌਣ ਕੋਈ ਤੂੰ ਸਾਰਾ ਹਾਲ ਸੁਣਾਈਂ। ਆਖੇਂ ਮੈਂ ਹਾਂ ਰੂਪ ਜਨਾਨੀ ਬਾਦਸ਼ਾਹ ਦੀ ਜਾਈ। ਦਿਲ ਖੁਰਮ ਨੂੰ ਢੂੰਢਣ ਚੱਲੀ ਰਾਤ ਏਥੇ ਲੰਘਾਈ। ਜੋਗਨ ਆਖੇ ਕੌਣ ਕੋਈ ਤੂੰ ਦਸ ਹਕੀਕਤ ਸਾਰੀ। ਇਹ ਜੋ ਮਣਕਾ ਦਿਤਾ ਹੈ ਤੂੰ ਕੀ ਹੈ ਚੀਜ਼ ਪਿਆਰੀ। ਉਹ ਆਖੇ ਰਬ ਇਸ ਜਿਮੀਂ ਤੇ ਮੇਰਾ ਹੁਕਮ ਚਲਾਯਾ। ਬਾਸ਼ਕ ਨਾਗ ਜਿਦਾ ਮੈ ਪੋਤਾ ਤੇ ਨਾਗਨ ਮੈਂ ਜਾਯਾ। ਜੇ ਇਕ ਮਾਰਾਂ ਫੂਕ ਮੈਂ ਗਜਬ ਦੀ ਰੁਖ ਦਰਖਤ ਜਲਾਵਾਂ। ਆਦਮ ਨੂੰ ਕੁਛ ਚੀਜ਼ ਕਾਰ ਕਰਾਂ ਚੌਫੇਰੇ। ਕੱਲਰ ਸ਼ੋਕ ਜ਼ਿਮੀਂ ਵਿਚ ਮੇਰੇ ਨਾ ਕੋਈ ਆਵੇ ਨੇੜੇ। ਤੇ ਇਹ ਮਨੀ ਹੈ ਬਹੁਤ ਪਿਆਰੀ ਬਹੁਤੀਆਂ ਸਿਫਤਾਂ ਵਾਲੀ। ਆਦਮ ਜਾਂਦਿਆਂ ਹਥ ਨਾ।ਆਵੇ ਫਿਰਦੇ ਆਮ ਸਵਾਲੀ।ਪਾਸ ਜਿਦੇ ਇਹ ਮਣਕਾ ਹੋਵੇ ਜਹਿਮਤ ਰੋਗ ਨਾ ਲਗੇ। ਰਾਤ ਅੰਧੇਰੀ ਦੇ ਵਿਚ ਰਖੇ ਤੇ ਰੁਸ਼ਨਾਈ ਲਗੇ। ਇਹ ਮਣਕਾ ਜਦ ਮੂੰਹ ਵਿਚ ਪਾਏ ਦੁਧ ਇਹਦੇ ਵਿਚੋਂ ਆਵੇ। ਭੁਖਿਆਂ ਤੇ ਤਰਹਾਇਆ ਦਾ ਬੰਜਰ ਸ਼ਤਾਬੀ ਜਾਵੇ। ਜਿਸ ਦੇ ਪਾਸ ਹੋਵੇ ਇਹ ਮਣਕਾ ਕੁਛ ਪ੍ਰਵਾਹ ਨਾ ਰਹਿੰਦੀ। ਜਿਧਰ ਜਾਵੇ ਜਿਤਕੇ ਆਵੇ ਹਾਰ ਕਿਤੋਂ ਨਹੀਂ ਪੈਂਦੀ।ਤੈਨੂੰ ਦਿਤਾ ਮੈਂਇਹ ਮਣਕਾਸ਼ਫਕਤ ਨਾਲ ਅਜੀਜਾਂ।

ਨਹੀਂ ਤੇ ਨਾਗ ਕਿਸੇ ਨਾ ਦੇਂਦੇ ਹਰਗਿਜ਼ ਇਹ ਚੀਜਾਂ। ਉਸੇ ਜੰਗਲ ਅੰਦਰ ਜੋਗਨ ਸਾਰੀ ਰਾਤ ਗੁਜ਼ਾਰੀ।ਫ਼ਜ਼ਰ ਹੋਈ ਤੇਫਿਰ ਵਿਚਾਰੀਕਰਦੀ ਸਫਰ ਤਿਆਰੀ। ਕਿਹਾ ਨਾਗ ਬਚੇ ਨੇ ਉਸ ਨੂੰ ਅਜ ਰਹੋ ਘਰਮੇਰੇ। ਰਾਤ ਗੁਜ਼ਾਰੋ ਨਾਲ ਖੁਸ਼ੀ ਦੇ ਜਾਣਾ ਕਲ ਸਵੇਰੇ।ਦੇਹੀ ਪਲਟੀ ਘੋੜਾਬਣਿਆ ਬਾਸ਼ਕ ਨਾਗ ਬਦਾਵਾ।ਦਿਲ ਖੁਰਸੈਦ ਤਾਈਂ ਪਿਠ ਉਪਰਖ ਰਦਾ ਮਾਰ ਕਲਾਵਾ। ਜਾਂਦੇ ਜਾਂਦੇ ਇਕ ਕਿਲ੍ਹਾ ਸੀ ਦੂਰੋਂ ਨਜ਼ਰੀ ਆਇਆ। ਅੰਦਰ ਲੰਘ ਗਿਆ ਉਹ ਘੋੜਾ ਉਸ ਨੂੰ ਹੇਠ ਬਹਾਯਾ।ਸਾਰੇ ਨਾਗ ਇਕਠੇ ਹੋਏ ਉਸ ਦੇ ਚਾਰ ਚੁਫੇਰੇ। ਕੋਈ ਆਖੇ ਅਜ ਮਾਸ ਬੰਦੇ ਦਾ ਹਥ ਆਵੇਗਾ ਮੇਰੇ। ਕੋਈ ਆਖੇ ਨਾ ਛੋੜੋ ਇਸ ਨੂੰ ਮੈਂਕਲਾ ਹੀ ਖਾਵਾਂ। ਕੋਈ ਆਖੇ ਮੈਂ ਹਿਸੇ ਕਰਕੇ ਸਭਨਾਂ ਦੇ ਮੂੰਹ ਪਾਵਾਂ।ਹੋ ਹੈਰਾਨ ਰਹੀ ਉਹ ਜੋਗਨ ਇਹ ਕੀ ਹੋਵਣ ਲਗਾ। ਵਿਚੇ ਵਿਚਾਰੀ ਦਾ ਦਿਲ ਦੁਖੀ ਹੋਵਣ ਲਗਾ। ਮੈਂ ਪਰਦੇਸਨ ਕਿਸਮਤ ਮੇਰੀ ਕਿਥੇ ਆਣ ਫਸਾਈ। ਬੈਠੀ ਬੈਠੀ ਦੇ ਸਿਰ ਉਤੇ ਇਹ ਕੀ ਵਰਤ ਗਿਆ ਈ। ਅਚਨਚੇਤ ਕਿਥੇ ਆ ਪਈਆਂ ਕਹਿਰ ਗਜ਼ਬ ਦੀਆਂ ਧਾੜਾਂ।ਕੌਣ ਸੁਣੇ ਫਰਿਆਦਮੇਰੀਨੂੰਇਹਨਾਂ ਵਿਚ ਉਜਾੜਾਂ ਕਰ ਕਰ ਹੌਂਜ਼ ਦਿਲਾਂ ਦਾ ਉਸਦੇ ਨੀਰ ਅਖਾਂ ਢਲ ਆਵੇ।ਫਿਰਕੇ ਬੀਨ ਵਜਾਵਨ ਲਗੀ ਪੇਸ਼ ਕੋਈ ਨਾ ਜਾਵੇ।ਕਢੇ ਦਰਦ ਦਿਲਾ ਦੀਆਂ ਆਹੀਂ ਬੀਨ ਵਜ ਵਨ ਲਗੀ। ਨਾਂਗਾ ਨਾਗਨੀਆਂ ਦੇ ਸਿਰ ਤੇ ਸ਼ਾਮਤ ਆਵਣ ਲਗੀ। ਲੇਟਨ ਪਏ ਜ਼ਮੀਨ ਦੇ ਉਤੇ ਜਿਉਂ ਕਰ ਮਸਤ ਸ਼ਰਾਬੋ। ਮਸਤ ਅਵਾਜ਼ ਬੀਨ ਉਹਦੀ ਦਾ ਕਰਦਾ ਬਾਝ ਹਿਸਾਬੋਂ। ਕਣਿਆ ਕੁਲ ਸੰਸਾਰ ਦਿਲੇਆ ਸਵਰ ਅਜੇ ਨਹੀਂ ਆਇਆ। ਬਾਸ਼ਕ ਨਾਗ ਹੋਇਆ ਦਿਲ ਘਾਇਲ ਹੋਸ਼ ਹਵਾਸ ਭੁਲਾਯਾ। ਥਕ ਗਈ ਤੇ ਬਿਸਤ੍ਰ ਉਤੇ ਉਸਨੇ ਬੀਨ ਟਿਕਾਈ। ਹੌਲ਼ੀ ਹੌਲ਼ੀ ਸਭਨਾਂ ਤਾਈਂ ਹੋਸ਼ ਬਦਨ ਵਿਚ ਆਈ ਨਾਲ ਅਦਬ ਦੇ ਉਸਦੇ ਅਗੇ ਸਭੇ ਸੀਸ ਨਿਵਾਵਿਨ ਬਹੁਤ ਅਜਾਇਬ ਮੇਵਾ ਲਿਆਵਨ ਉਸਨੂੰ ਚਾ ਖਵਾਵਣ। ਮੇਵੇ ਖਾ ਕੇ ਜੋਗਨ ਉਸ ਦੀ ਕਰਦੀ ਸ਼ੁਕਰ ਗੁਜ਼ਾਰੀ। ਓਸ ਕਿਲੇ ਵਿਚ ਨਾਲ ਖੁਸ਼ੀ ਦੇ ਰਾਤ ਲੰਘਾਈ ਸਾਰੀ ਦਿਨ ਚੜ੍ਹਦਾ ਤੇ ਫੇਰ ਵਿਚਾਰੀ ਕਰਦੀ ਸਫਰ ਤਿਆਰੀ। ਦਿਲ ਵਿਚ

ਦਰਦ ਵਿਛੋੜੇ ਵਾਲਾ ਰੋਂਦੀ ਜਾਏ ਵਿਚਾਰੀ। ਜਾਂ ਕੁਛ ਦੂਰ ਮਗਰੋਂ ਨਾਗਨ ਨਸੀ ਆਵੇ। ਆਖੇ ਮਣਕਾ ਦੇ ਛਡ ਮੈਨੂੰ ਗੁਸੇ ਹੋ ਫੁਰਮਾਵੇ। ਜੋਗਨ ਆਖੇ ਮੈਂ ਕੀ ਜਾਣਾਂ ਮਣਕਾ ਚੀਜ ਕਿਆ ਈ। ਨਾਗਾਂ ਦੀ ਮਨੀ ਮੈਨੇ ਅਗੇ ਸੁਨੀ ਨਾ ਡਿਠੀ ਸਾਂਈ। ਨਾਗਨ ਆਪੇ ਪਾਸ ਤੇਰੇ ਹੈ ਮੱਚਕ ਦਿਸੇਂਦਾ ਮੈਨੂੰ। ਦੇ ਛਡ ਆਪ ਨਹੀਂ ਤੇ ਵਿਚੇ ਫੂਕਦਿਆਂਗੀ ਤੈਨੂੰ ਜੋਗਨ ਆਖੇ ਮੈਂ ਨਹੀਂ ਦੇਣਾ ਬੀਨ ਵਜਾਵਣ ਲਗੀ ਤੇ ਉਹ ਨਾਲ ਜਗਬ ਦੇ ਨਾਗਨ ਫੂਕ ਚਲਾਵਨ ਲਗੀ। ਅਗ ਬਦਨ ਵਿਚ ਬਦਨ ਸਾਰੇ ਜੋਗਨ ਸੜਦੀ ਜਾਵੇ। ਯਾ ਰਖੀਂ ਮੈਨੂੰ ਰੋ ਰੋ ਹਾਲ ਸੁਣਾਵੇ। ਪਾਕ ਨਬੀ ਸਰਵਰ ਦੀ ਖਾਤਰ ਮੈਨੂੰ ਦਾਗ ਨਾ ਲਾਈਂ ਜਿਉਂ ਕਰ ਜਾਣੇਂ ਕਿਸੇ ਬਹਾਨੇ ਮੇਰੀ ਜਾਨ ਬਚਾਈਂ।

ਗੁਜ਼ਰਨਾ ਇਕ ਫਕੀਰ ਕਾ ਜੋਗਨ ਪਰ ਔਰ ਉਸਕੇ ਬਚਾਣਾ ਔਰ ਨਕਸ਼ ਲਿਪ ਕਰ ਦੇਣਾ

ਇਹ ਹੁਣ ਜਨਾਬ ਇਲਾਹੀ ਅਰਜ਼ਾਂ ਖਈ ਸੁਣਾਵੇ। ਕੋਈ ਫਕੀਰ ਪਿਆਰਾ ਰਬ ਦਾ ਉਸ ਜੰਗਲ ਚਲ ਆਵੇ ਨਾਗਰ ਕੀਲ ਦਿਤੀ ਉਸ ਦੂਰੋਂ ਪੜੇ ਕਲਾਮ ਰਬਾਨੀ।ਜੋਗਨ ਉਪਰ ਆਬ ਹਿਯਾਤੋਂ ਲਿਆਕੇ ਪਾਇਆ ਪਾਣੀ। ਬੈਹਕੇ ਪੁਛਦਾ ਉਸਦੇ ਕੋਲੋਂ ਉਹ ਬਜ਼ੁਰਗ ਸਿਆਣਾ ਐ ਜੋਗਨ ਤੂੰ ਕਿਥੋਂ ਆਈ ਕਿਤ ਵਲ ਅਗੇ ਜਾਨਾ। ਫੇਰ ਵਜੀਰ ਜਾਂਦੀ ਉਸ ਅਗੇ ਸਾਰਾ ਹਾਲ ਸੁਨਾਵੇ ਮੈਂ ਜਾਨਾ ਕੋਹਕਾਫ ਪਹਾੜੇ ਜੇਰ ਬਆਸ ਪੁਜਾਵੇ। ਲਿਖਕੇ ਨਕਸ਼ ਦਿਤੇ ਇਕ ਉਸਨੂੰ ਕਾਮਲ ਦਰਦ ਹਜ਼ੂਰੀ। ਜਾਹ ਐ ਜੋਗਨ ਤੇਰੀ ਅੱਲਾ ਆਸ ਕਰੇਗਾ ਪੂਰੀ। ਏਸ ਨਕਸ਼ ਵਿਚ ਏਹ ਕਰਾਮਾਤ ਜਿਤ ਵਲ ਕਦਮ ਉਠਾਵੇਂ। ਜਲਦੀ ਕੰਮ ਹੋਵੇਗਾ ਤੇਰਾਸਹੀ ਸਲਾਮਤ ਆਵੇਂ। ਜੇ ਕੋਈ ਮਾਰਨ ਆਵੇ ਤੈਨੂੰ ਨਕਸ਼ ਕਰੀਂ ਤੂੰ ਅਗੇ। ਓਵੇਂ ਉਸ ਜਾਲਮ ਦੇ ਤਾਈਂ ਅਗ ਗਜਬ ਦੀ ਲਗੇ। ਜੋਗਣ ਸੁਣ ੨ ਕੇ ਇਹ ਗਲਾਂ ਬਹੁਤ ਖੁਸ਼ੀ ਵਿਚ ਆਈ। ਕਹਿਣ ਲਗੀ ਅਜ ਹਰ ਆਫਤੋਂ ਬਖਸ਼ੀ ਰਬ ਰਿਹਾਈ। ਲੈਕੇ ਨਕਸ਼ ਵਾਲੀ ਦੇ ਪਾਸੋਂ ਸੱਪਣੀ ਵਲ ਕਰਦੀ।ਅੱਗ ਲੱਗੀ ਉਸ ਤਾਈਂ ਜਾਏ ਵਿਚੋ ਵਿਚ ਸੜਦੀ। ਕੀਲੀ ਹੋਈ ਨੱਸ ਨਾ ਸਕੇ ਜੇ ਸੌ ਜ਼ੋਰ ਲਗਾਵੇ। ਓੜਕ ਅਗੇ ਜੋਗਨ ਦੇ ਓਹ

ਰੋ ਰੋ ਹਾਲ ਸੁਣਾਵੇ।ਆਖੇ ਨਾਮ ਖੁਦਾ ਦੇ ਜੋਗਨ ਮੇਰੀ ਜ਼ਾਨ ਬਚਾਈਂ। ਔਖੇ ਵੇਲੇ ਕੰਮ ਆਵਾਂਗੀਮੈਨੂੰ ਮਾਰਨਾਜਾਈਂ।ਦਿਲ ਖੁਰਸ਼ੈਦ ਕਹੇ ਤੁਸੀਂ ਵੈਰੀ ਮੁਢੋਂ ਨਿਮਕ ਹਰਾਮੀਂ।ਸਪਾਂ ਦੇ ਪੁਤ ਹੋਣ ਨਾ ਮਿਤਰ ਕਹਿੰਦੇ ਲੋਕ ਤਮਾਮੀ।ਨਾਲ ਤੁਸਾਡੇ ਭਲਾ ਕਰੇ ਜੋ ਡੰਗੇ ਉਸਦੇ ਤਾਈਂ ।ਮੈਂ ਹੁਣ ਤੈਨੂੰ ਕਦੇ ਨਾ ਛਡਾਂ ਦੇਸਾਂ ਫੂਕ ਅਜਾਈਂ।ਜਿਉਂ ਤੂੰ ਫੂਕ ਗਈ ਹੈਂ ਮੈਨੂੰ ਸਾੜੇ ਹੋਰ ਬਤੇਰੇ।ਮੁਢੋਂ ਤੇਰੀ ਅਲਖ ਮੁਕਾਵਾਂ ਦੇਖ ਜ਼ਰਾ ਹਥ ਮੇਰੇ। ਇਹ ਗਲ ਕਹਿਕੇ ਨਾਗਰ ਤਾਈਂ ਫੇਰ ਉਹ ਨਕਸ਼ ਦਿਖਾਵੇ। ਨਾਗਨ ਸੜ ਬਲ ਕੋਲਾ ਹੋਈ ਫੇਏ ਅਵਾਜ਼ ਨਾ ਆਵੇ।ਦਿਲ ਖੁਰਸ਼ੈਦ ਹੁਣ ਤੁਰੇ ਅਗੇ ਜਾਨ ਤਲੀ ਤੇ ਧਰਦੀ। ਟੁਰਦੀ ਜਾਂਦੀ ਭਰੀ ਗਮਾਂ ਦੀਯਾਦ ਖੁਦਾ ਨੂੰ ਕਰਦੀ। ਮੋਇਆਂ ਬਾਝਨਾਮਕਸਦ ਮਿਲਦਾ।ਜਿਸ ਪਾਯਾ ਤਿਸਮਾਰਕੇ।ਸੁਖ ਅਰਾਮ ਮਿਲੈ ਪਹਿਲੋਂ ਪਰਦੁਖ ਮੁਸੀਬਤ ਜਰ ਕੇ। ਮੁਸ਼ਕਲ ਕੰਮ ਨਹੀਂ ਕੋਈ ਐਸਾ ਜੋ ਅਸਾਨ ਨਾ ਹੋਵੇ। ਐਪਰ ਮਰਦ ਦਲੇਰੀ ਰਖੇ ਮੂਲ ਨਾ ਹਾਰ ਖਲੋਵੇ। ਕਹਿੰਦੇ ਮਰਦ ਸਿਆਣੇ ਸਾਰੇ ਲੋਕ ਤਵਕਲ ਵਾਲੇ।ਜੋ ਬਣਦਾ ਸੋ ਆਸੋਂ ਬਣਦਾ ਔਖੇ ਹੋਣ ਸੁਖਾਲੇ। ਦੇਖ ਰਹੀਮ ਬਖਸ਼ ਇਹ ਜੋਗਨ ਭ ੁਲੀ। ਉਹ ਕੀ ਜਾਣਨ ਪੈਰੀਂ ਟੁਰਨਾ ਜੰਗਲ ਵਿਚ ਉਜਾੜਾਂ। ਜਿਨ੍ਹਾਂ ਸ਼ੈਸ਼ ਮਹੱਲਾਂ ਅੰਦਰ ਕਰਨੀਆਂ ਨਿਤ ਬਹਾਰਾਂ। ਰੇਸ਼ਮ ਦੇ ਵਿਚ ਲੇਟਣ ਵਾਲੇ ਨਰਮ ਸਰੀਰ ਜਿਨਾਂ ਦੇ। ਸੋਹਣੇ ਸੋਹਣੇ ਪੈਰ ਨਿਹਾਇਤ ਨਾਜ਼ਕ ਤਾਜਾ ਵਾਂਗ ਫੂਲਾਂ ਦੇ।ਇਹ ਤਸਵੀਰਾਂ ਪਰਦਿਓ ਬਾਹਰ ਕਦੀ ਨਹੀਂ ਸੀ ਗਈਆਂ।ਅਜ ਸਫਰ ਦੀਆਂ ਸਭ ਤਕਲੀਫਾਂਸਿਰਤੁਸਹਿਣੀਆਂ ਪਈਆਂ। ਨਾ ਉਹ ਸੋਹਣੀ ਸੇਜ ਫੂਲਾਂ ਦੀ ਨਾ ਉਹ ਲੇਫ ਤੁਲਾਈਆਂ। ਨਾ ਉਹ ਰੰਗ ਬਰੰਗੇ ਖਾਣ ਨਾ ਉਹ ਬਦਨ ਸਫਾਈਆਂ। ਓਥੇ ਦਿਨ ਤੇ ਰਾਤੀਂ ਰਹਿਣਾ ਸਈਆਂ ਚਾਰ ਚੁਫੇਰੇ।ਏਥੇ ਦੁਖਾਂ ਦਰਦਾਂ ਆ ਕੇ ਪਾਏ ਦੁਆਲੇ ਘੇਰੇ। ਇਕ ਉਮੈਦ ਰਹੀ ਹਥ ਪਲ ਹੋਰ ਨਹੀਂ ਸ਼ੈ ਕੋਈ। ਉਸ ਦੇ ਪਿਛੋਂ ਜੋਗਨ ਬਣਕੇ ਘਰੋਂ ਰਾਵਨਾ ਹੋਈ।ਓਵੇਂ ਨਿਤ ਚਲਾ ਚਲ ਜਾਂਦੀਜੋਗਨ ਵਿਚ ਪਹਾੜਾਂ। ਕੋਹਕਾਫਾਂ ਦਾ ਮੁਸ਼ਕਲ ਪੈਂਡਾ ਜਿਥੇ ਡੂੰਘੀਆਂ ਗਾਰਾਂ।

ਜੋਗਨ ਦਾ ਦੇਵਾਂ ਦੇ ਨਗਰ ਵਿਚ ਜਾਨਾ ਅਤੇ ਕਾਬੂ ਕਰਨਾ ਉਹਨਾਂ ਨੂੰ ਅਤੇ ਸੌਦਾਗਰਜ਼ਾਦੀ ਨੂੰ ਬਚਾਉਣਾ

ਜਾਂ ਦਰਦਾ ਦੀ ਭਾਰੀ ਗਮਾਂ ਦੀ ਜਾਂਦੀ ਹੋਰ ਅਗਾਹਾਂ। ਜਾ ਪਹੁੰਚੀ ਦੇਸ਼ਦੇਵਾਂ ਦੇ ਕਟਦੂਰਾਡੀਆਂ ਰਾਹਾਂ। ਇਕ ਸ਼ਹਿਰਕੋਈ ਬਹੁਤ ਉਚੇਰਾ ਦੂਰੋਂ ਨਜ਼ਰੀਆਯਾਂ। ਦੇਖਣਸ਼ੌਕ ਦਿਲੇਵਿਚ ਹੋਇਆ ਉਸਵਲ ਕਦਮ ਉਠਾਇਆ। ਨਾ ਇਹ ਖੌਫ ਕਰੇਰਾ ਮੈਨੂੰ ਮਾਰ ਦੇਵੇਗਾ ਜਾਨੋਂ। ਮੌਤੋਂ ਪਹਿਲੇ ਮਰ ਗਏ ਜੇਹੜੇ ਫਿਰਕੀ ਖੌਫ ਉਨ੍ਹਾਂਨੂੰ। ਉਸਨੇ ਪਹਿਲੇ ਠਾਨ ਲਈਸੀ ਮੌਤਕੋਲੋਂ ਕੀ ਜਰਨਾ। ਅੱਜਨਾ ਮੋਇਆ ਤਾਂਕੀਹੋਯਾ ਓੜਕ ਇੱਕ ਦਿਨ ਮਰਨਾਂ। ਜਾਂ ਉਹ ਟੁਰਦੀ ਟੁਰਦੀ ਪਹੁੰਚੀ ਓਸ ਸ਼ਹਿਰ ਦੇ ਨੇੜੇਡਿਠਾ ਸ਼ਹਿਰ ਅਜਾਇਬ ਸੋਹਣਾ ਇੱਕਸੌਫੀਲ ਚੌਫੇਰੇ। ਇਕੋ ਹੈ ਦਰਵਾਜ਼ਾਉਸਦਾਸੋਹਣਾਜੜਤਜੜਾਯਾ।ਪੜ੍ਹ ਬਿਸਮਿਲਾਯਾਂਦੁਖਦਾਕਰ ਅੰਦਰ ਕਦਮ ਟਿਕਾਯਾ।ਕੀਤਾ ਸੈਰ ਸ਼ਹਿਰ ਦਾ ਉਸਨੇ ਅੰਦਰ ਵੜਕੇ ਹਾਰਾ।ਹਰ ਇਕ ਚੀਜ਼ ਅਜਾਇਬਤਾਜਾ ਰੰਗਾ ਰੰਗ ਨਜ਼ਾਰਾ।ਪਰਇਕ ਆਦਮਜ਼ਾਦਾ ਓਥੇ ਨਜ਼ਰ ਨਾ ਆਵੇ ਕੋਈ। ਇਹਖੀਕਹਿਰ ਅਲਾਹੀ ਲਨਿਆ ਦੇਖਤਅਜਬ ਹੋਈ। ਕਿਥੇ ਟੁਰਗਏ ਲੋਕ ਸ਼ਹਿਰ ਦੇ ਸੁੰਞੀਆਂ ਛਡਦੁਕਾਂਨਾਂ।ਖੁਲਮਖੁਲਾ ਛਡਗਏ ਕਿਉਂ ਪਿਛੇ ਮਾਲ ਖਜ਼ਾਨਾਂ। ਅਗੇ ਇਕਸੁਹਾਣਾ ਨਜਰਪਿਓ ਜੋ ਚੰਗਾ।ਉਸਦੇਅੰਦਰ ਜਾਂਦੀ ਜੋਗਨ ਜਰਾ ਨਾਕਰਦੀਸੰਗਾ। ਵਿਹੜੇ ਦੇ ਵਿਚ ਬੈਠੀ ਹੋਈ ਡਿੱਠੀਇੱਕ ਜਨਾਨੀ। ਉਮਰਅਵਾਇਲ ਸ਼ੋਖਨਗਾਹ ਸੂਰਤਦੀ ਲਾਸਾਨੀ।ਉਸਦੇਪਾਸ ਖਲੋਕੇ ਜੋਗਨ ਪੁਛੇਨਾਲ ਤਸੱਲੀ ਕੌਣ ਕੋਈ ਤੂੰ ਇਸਸ਼ਹਿਰ ਵਿਚ ਦਿਸੇਕੱਲ ਮਕੱਲੀ। ਇਹ ਗੱਲਸੁਣਕੇ ਓਸਲੜਕੀ ਦੇ ਨੀਰ ਅੱਖੀ ਚਲ ਆਯਾ ਰੋਂਦੀ ਰੋਂਦੀ ਉਠ ਖਲੋਤੀ ਲੈ ਉਸਨੂੰ ਗਲ ਲਾਯਾ। ਜੋਗਨ ਆਖੇ ਨਾ ਰੋ ਭੈਣਾਂ ਦਸਹਕੀਕਤ ਸਾਰੀ।ਕੇਹੜਾਦੱਸ ਟਿਕਾਨਾ ਤੇਰਾਕਿਸਦੀਨਾਰ ਪਿਆਰੀ।ਆਖੇ ਨਾਮ ਮੇਰਾ ਹੈ ਅਨੀਚਰ ਸੌਦਾਗਰ ਦੀ ਜਾਈ। ਜੰਮੀ ਪਲੀ ਸਦਾਵਿਚ ਮੌਜਾਂਗਮਨਾ ਡਿਠਾ ਕਾਈ। ਜਾਂਮੈਂ ਜੁਆਨਹੋਈ ਤਾਂ ਮਾਂ ਪਿਓ ਮੇਰਾ ਕਾਜ ਰਚਾਇਆ। ਸੁੰਦਰ ਰੂਪ ਪਿਆਰਾ ਲਾੜਾ ਮੈਨੂੰ

ਵਿਆਹਣਆਯਾ । ਕੀ ਮੈਂ ਜੋਗਨਦੱਸਾਂ ਤੈਨੂੰ ਉਸ ਵੇਲੇ ਦੀਆਂ ਗਲਾਂ ਕਰ ਕਰ ਯਾਦ ਮੈਨੂੰ ਉਹਵੇਲਾ ਪੈਣ ਜਿਗਰ ਵਿਚਸੱਲਾਂ।ਰਾਤੀਂ ਸੁਤੀਆਂ ਮਹਿਲੀ ਚੜ੍ਹਕੇਮੈਂ ਤੇ ਕਿਸਮਤ ਮੇਰੀ। ਪਿਛਲੇ ਵੇਲੇ ਅੱਚਨਚੇਤਵਗੀ ਲਾਲ ਹਨੇਰੀ। ਜਾਗਆਈ ਤੇ ਨਜ਼ਰਉਠਾ ਮੈਂ ਡਿਠਾ ਚਾਰ ਚੁਫੇਰੇ। ਪਲੰਘ ਮੇਰਾ ਖੁਦ ਉਡਦਾ ਜਾਂਦਾ ਅਸਮਾਨਾਂਦੇਨੇੜੇ। ਨਾਉਹਜੰਞ ਨਾ ਲਾੜਾ ਦਿਸੇ ਨਾ ਉਹ ਪਿਆਰੀ ਸੱਯਾਂ ਦਿਲ ਵਿਚ ਗਮਾਂਦੀਆਂ ਮੈਨੂੰ ਆਨਦਲੀਲਾਂ ਪਈਆਂ।ਹੇਠ ਮੇਰੇਸੀ ਬੱਦਲ ਫਿਰਦੇ ਕਾਲੇਕਾਲੇ ਸਾਰੇ ਉਤੇ ਦਿਸਣਨੇੜੇਨੇੜੇ ਅਸਮਾਨਾਂਦੇ ਤਾਰੇ।ਮੈਂ ਜਾਣਾ ਜੇ ਕੋਈ ਸੁਫਨਾ ਮੈਨੂੰ ਦਿੱਸਰਿਹਾਸੀ। ਅੱਖੀਂ ਮਲਕੇ ਦੇਖਨ ਲਗੀ ਜਾਗ ਅਜੇ ਨਹੀਂ ਆਈ। ਫਿਰ ਮੈਂ ਉਤਰਕੇ ਅਸਮਾਨੋਂ ਲਥੀ ਏਸ ਟਿਕਾਣੇ। ਡਿਠੇ ਚਾਰ ਖਲੋਤੇ ਹੋਏ ਦਿਓ ਮੇਰੇ ਸਰਹਾਣੇ।ਆਪਸ ਅੰਦਰ ਗੱਲਾਂ ਕਰਦੇ ਚਲੋ ਹੋਰ।ਲਿਆਈਏ।ਸਾਰੀ ਜੰਞ ਤਾਈਂ ਅਜਰਾਤੀਂ ਆਦਮਮਾਸਖਲਾਈਏ ਸੁਣ ਏਹ ਜੋਗਨ ਕਿਸੇਤਰੀਕੇ ਇਸਤੋਂ ਬਚਦਿਆਂ ਨਾਹੀਂ ।ਰਾਤੀ ਜੰਞ ਆਵੇਗੀਏਥੇ ਕਨਕਬਾਬ ਅਸਾਂਹੀ। ਜੋਗਨਆਖੇ ਨਾ ਰੋਭੈਣਾ ਸਾਡਾ ਹੈ ਅੱਜਅੱਲਾ। ਆਪੇ ਰੱਖਲਵੇਗਾ ਸਾਨੂੰ ਦਿਲਵਿਚ ਰੱਖਤਸੱਲਾ।ਇਹ ਗੱਲਕੈਹਕੇ ਉਠੀਜੋਗਨ ਬਾਹਰ ਦੇ ਵਲਜ ਵੇ। ਲੈਕੇ ਨਕਸ ਮੁਬਾਰਕ ਤਾਈਂ ਬੂਹੇਤੇ ਲਟਕਾਵੇ। ਸਾਰਾਦਿਨ ਹੁਣਦੋਹਾਂਜਣੀਆਂਖੁਸ਼ੀਆਂ ਨਾਲ ਲੰਗਾਯਾ।ਬਾਹਰੋ ਮੁੜਣ ਪਛਾਂਹ ਜਾਲਮ ਅੰਦਰ ਕੋਈ ਨਆਯਾ।ਰਾਤ ਪਈ ਤੇ ਜੰਞ ਉਨਾਂ ਦੇ ਬੂਹੇ ਆਨ ਖਲੋਂਦੀ।ਨਕਸ਼ਵਿਚੋਂ ਇਕ ਅੱਗ ਅਲੰਬਾ ਦੌੜ ਉਨ੍ਹਾਂ ਨੂੰ ਪੈਂਦੀ। ਨਸੇਜਾਵਨ ਦਿਓਹਰਾਮੀ।ਪਿਛੇ ਅੱਗ ਉਨ੍ਹਾਂ ਦੇ।ਤੋਬਾ ਤੋਬ ਪੁਕਾਰਨ ਸਭੇ।ਰੋਰੋ ਹਾਲ ਵੰਜਾਂਦੇ। ਇਕਮੁਅਕਲ ਆਤਸ਼ ਵਿਚੋਂ ਏਲਪਿਆ ਇਕਵਾਰੀ। ਕਿਧਰ ਜਾਸੇ ਨਸ ਅਸਾਂ ਤੋਂ ਸਾੜਦਿਆਂਜੰਞ ਸਾਰੀ। ਜੇਕਰ ਕੁਛਹਯਾਤੀ ਚਾਹੋ ਕਰੋਨਾ ਸ਼ੋਰਪੁਕਾਰੀ ਓਸ ਜੋਗਨ ਨੂੰ ਚਲਮਨਾਓ ਤਾਂ ਹੋਵੇ ਛੁਟਕਾਰੀ। ਸਭੇ ਆਖਣ ਚਲੋ ਯਾਰੋ ਜੋਗਨ ਪਾਸਸ਼ਤਾਬੀ। ਓਥੇ ਮਿੰਨਤਾਂ ਤਰਲੇਕਰਲੈ ਮਰੋਨਾ ਵਿਚ ਖਰਾਬੀ। ਆ ਖਲੋਤੇ ਬੂਹੇਅਗੇ ਦੂਰੋਂ ਅਰਜ਼ਾਂ ਕਰਦੇ । ਜੋਗਨ ਅੱਗ

ਤੋਂ ਬਚਾਵੀਂ ਸਾਨੂੰ ਬਾਝ ਗੁਨਾਹੋਂ ਮਰਦੇ। ਜੋਗਨ ਨੇ ਤਾਵੀਜ਼ ਲੁਕਾਯਾ ਬੁਝ ਗਈ ਅਗ ਸਾਰੀ। ਸਭੇ ਦੇਓ ਜੋਗਨ ਅਗੇ ਕਰਦੇ ਤਾਬਯਾਦਾਰੀ ਦਿਲ ਖੁਰਸ਼ੈਦ ਅਗੇ ਆ ਸਭਨਾਂ ਦੇਵਾਂ ਨੇ ਹਥ ਜੋੜੇ। ਕਿਆ ਤਾਕਤ ਸੀ ਦੇਵਾਂ ਸੰਦੀ ਹੁਕਮ ਓਹਦਾ ਕੋਈ ਮੋੜੇ। ਜੋਗਨ ਆਖੇ ਉਠੋ ਜਲਦੀ ਏਹ ਲੜਕੀ ਲੈ ਜਾਓ। ਜਿਥੋਂ ਚੁਕ ਲਿਆਂਦੀ ਹੈਸੀ ਓਸੇ ਥਾਂ ਪਹੁੰਚਾਓ। ਲੜਕੀ ਨੂੰ ਪਹੁੰਚਾ ਮਹਲੋਂ ਦਿਓ ਸ਼ਤਾਬੀ ਆਵਣਾ ਹੋਰ ਹੁਕਮ ਫੁਰਮਾਓ ਜਲਦੀ ਹਥ ਬੰਨ ਅਰਜ਼ ਸੁਨਾਵਨ। ਜੋਗਨ ਆਖੇ ਸਭੇ ਰਲਕੇ ਵਿਚ ਪਹਾੜਾਂ ਜਾਓ। ਦਿਲਖੁਰਮ ਸ਼ਾਹਜ਼ਾਦੇ ਤਾਈਂ ਜਾਕੇ ਢੂੰਡ ਲਿਆਓ। ਓੜਕ ਉਨ੍ਹਾਂ ਦੇਵਾਂ ਰਲਕੇ ਉਸ ਵਲ ਕਦਮ ਉਠਾਯਾ। ਵਿਚ ਪਹਾੜਾਂ ਖੁੰਦਰਗਾਰਾਂ ਆਦਮਜ਼ਾਤ ਨ ਪਾਯਾ। ਫਿਰ ਤੁਰਕੇ ਓਹ ਜੂਹ ਆਪਣੀ ਵਿਚ ਮੁੜਕੇ ਆਏ ਸਭੇ ਐ ਜੋਗਨ ਕੋਈ ਆਦਮ ਜ਼ਾਦਾ ਵਿਚ ਕੋਹ ਕਾਫ ਨਾ ਲਭੇ। ਵਿਚ ਦਲੀਲਾਂ ਬੈਠੀ ਜੋਗਨ ਹੋਰ ਦਿਓ ਇਕ ਆਯਾ ਆਖਣ ਲਗਾ ਮੈਂ ਕੁਝ ਯਾਰੋ ਥੋੜ੍ਹਾ ਪਤਾ ਲਿਆਯਾ। ਸਾਡੀ ਹਦੋਂ ਬਾਹਰ ਹੈ ਇਕ ਬਾਗ ਦੇਵਾਂ ਦਾ। ਦੇਵਾਂ ਪਰੀਆਂ ਵਿਚੋਂ ਡਰਦਾ ਓਦੇ ਕੋਈ ਨਾ ਜਾਂਦਾ। ਉਪਰ ਉਡਿਆ ਜਾਂਦਿਆਂ ਮੈਨੂੰ ਬੂ ਆਦਮ ਦੀ ਆਈ। ਅਗੋ ਖਬਰ ਨਹੀਂ ਕੁਝ ਮੈਨੂੰ ਅੰਦਰ ਕੀ ਕੁਛ ਸਾਈ। ਮੈਂ ਸੁਨਿਆਂ ਜੁਆਲ ਦੇਓ ਮੇ ਹੈ ਉਹ ਬਾਗ ਬਨਾਇਆ। ਗਿਰਦੇ ਵਡਾ ਕੋਟ ਲਗਾਕੇ ਵਡਾ ਕੁਫਲ ਲਗਾਇਆ। ਐ ਜੋਗਨ ਓਹ ਰਾਓ ਦੁਰਾਡਾ ਪੈਂਦਾ ਸਖਤ ਉਖੇਰਾ ਬਹੁਤ ਮੁਹਾਲ ਦਸੇਂਦਾ ਮੈਨੂੰ ਓਥੇ ਪਹੁੰਚਣ ਤੇਰਾ। ਦਿਲਖੁਰਸ਼ੈਦ ਕਹੇ ਤੂੰ ਮੈਨੂੰ ਰਸਤਾ ਦਸ ਸ਼ਤਾਬੀ। ਕਿਧਰ ਬਾਗ ਕੇੜ੍ਹੇ ਰਾਹ ਜਾਣਾ ਕੇਹੜੀ ਵਿਚ ਖਰਾਬੀ। ਹੁਣ ਓਹ ਦਿਓ ਵਜ਼ੀਰਜ਼ਾਦੀ ਨੂੰ ਸਾਰਾ ਹਾਲ ਸੁਣਾਵੇ। ਏਥੋਂ ਚੜ੍ਹਦੇ ਪਾਸੇ ਦੇ ਵਲ ਕੋਈ ਰਾਹ ਜਾਵੇ ਅਗੇ ਇਕ ਦਰਿਆ ਆਵੇਗਾ ਜੇ ਕੋਈ ਪਾਰ ਲਗਾਵੇ। ਉਸਦੇ ਅਗੇ ਜੂਹ ਮਰਦਾਂ ਦੀ ਨਾਲ ਸ਼ਤਾਬੀ ਆਵੇ। ਆਦਮੀਆਂ ਦੇ ਪਿੰਡਾਂ ਵਿਚੋਂ ਲੰਘ ਜਾਵੇ ਜਦ ਅਗੇ। ਸਿਰ ਚੋਟੀ ਕੋਹਕਾਫ ਪਹਾੜੀ ਦੂਰੋਂ ਦਿਸਨ ਲਗੇ। ਅਗੇ ਹੈ ਖੁੰਦਰ ਵਡੀ ਜਿਥੇ ਸਖਤ ਹਨੇਰਾ। ਓਥੇ ਬਾਗ ਜਵਾਲ ਦਿਓ ਦਾ ਜਿਸ ਵਿਚ ਮਕਸਦ ਤੇਰਾ।

ਓੜਕ ਤਰਫ ਸਫਰ ਦੀ ਮੁੜਕੇ ਉਠ ਤੁਰੀ ਕਰ ਧਾਈ। ਦੋ ਤਿੰਨ ਚਾਰ ਕੋਹਾਂ ਦਾ ਪੈਂਡਾ ਦਿਨ ਵਿਚ ਕਰਦੀ ਸਾਈ।ਏਹਕੀ ਜਾਨਣਸੈਰ ਸਫਰ ਦੀ ਇਹ ਬਾਗਾਂ ਦੀਆਂ ਕਲੀਆਂ।ਨਾਜ਼ਕਪੈਰ ਫੁਲਾਂਦੇ ਹਾਣੀ ਖਿੰਘਰ ਹੋਈਆਂ ਤਲੀਆਂ।ਜਾਂਓਹ ਹੱਟ ਓਹਦੀਦੇ ਵਿਚੋਂਲੰਘ ਅਗਾਹਾਂ ਜਾਂਦੀ। ਕਾਲਾਨੀਰ ਵਗੇ ਜਲ ਖੂਨੀਦੇਖ ਭਉ ਗਮ ਖਾਂਦੀ। ਕੰਢੇਬੈਠੀ ਨਦੀ ਦੇ ਰੋਂਦੀ ਕੇਹੜਾਪਾਰ ਲੰਘਾਵੇ।ਏਹਦਰਯਾ ਵਗੇਂਦਾ ਤਾਰੂਵੰਜੀਂ ਹਥ ਨਾ ਆਵੇ। ਨਾਂਪੁਲਬੇੜੀ ਪਤਣਏਥੇ ਨਾ ਕੋਈ ਵੰਜਮੁਹਾਨਾ। ਨਾਂ ਸਰਨਾ ਕੋਈਤੁਲਹਾ ਤੰਬੂ ਨਾਮੈਂ ਤਰਨਾਜਾਣਾ। ਬੈਠੀਉਥੇਵਿਚ ਗਮਾਂ ਦੇ ਕਈ ਦਲੀਲਾਂ ਕਰਦੀ। ਸਗੋਂ ਜ਼ਿਆਦਾਨੀਰ ਨਦੀਜਾਨਾਲ ਹੰਝੂ ਦੇ ਭਰਦੀ।ਲੜਕੀ ਸੀ ਇਕਰੁੜਦੀ ਜਾਂਦੀ ਗੇਲੀ ਬਹੁਤਵਡੇਰੀ। ਮਾਰੇ ਛਾਲਓਹਦੇ ਪਰਜੋਗਨ ਬੈਠੀ ਨਾਲ ਦਲੇਰੀ।ਹੁਣਉਹਗੇਲੀ ਰੁੜਦੀ ਜਾਵੇ ਜਿਧਰਪਾਣੀਵੱਗੇ।ਬੈਠਗਈ ਉਹਨਾਲ ਦਲੇਰੀ ਚਦੀ ਦੇ ਉਸ ਬੰਮੇ ਲਗੇ। ਜਾਂਵਿਚ ਘਾਰ ਨਦੀਦੇ ਆਈ ਵਗੇ ਲਾਲਹਨੇਰੀ।ਗੇਲੀ ਚੱਕਰ ਖਾਵਨ ਲਗੀ ਪੈਗਈ ਘੁੰਮਨਘੇਰੀ। ਉਚੀਉਚੀ ਰੋਵਨ ਲਗੀ ਪੇਸ਼ ਕੋਈ ਨਾ ਜਾਂਦੀ। ਛਲਾਂ ਦੇ ਵਿਚ ਆਜਜ਼ ਹੋ ਗਈ ਬਹੁਤੇ ਗੋਤੇ ਖਾਂਦੀ।ਆਖੇ ਰੱਬਾਮਾਰ ਨਾਮੈਨੂੰਮੈਂ ਵਿਚ ਦੋਸ਼ਨਾ ਕੋਈ। ਕੇਹੜੇ ਐਬ ਗੁਨਾਹ ਦੀ ਸ਼ਾਮਤ ਆਨ ਦੁਖਾਂਵਿਚ ਢੋਈ।ਮੈਂਹਾਂ ਮਰਨੇ ਦੇ ਵਿਚਰਾਜੀ ਜੇ ਤੂੰ ਮਾਰੇ ਮੈਨੂੰ। ਐਪਰ ਰਖੀਂਸਹੀ ਸਲਾਮਤ ਤੂੰ ਇਕ ਬਾਪਮੇਰੇਨੂੰ। ਸਬਰ ਦੇਵੇ ਇਕਮਾਂ ਮੇਰੀਨੂੰ ਮੈਨੂੰ ਮੂਲ ਨਾ ਰੋਵੇ। ਡਾਢੇ ਦਿਲੇ ਵਿਚ ਵਡੀ ਸਾਰੀ ਅੱਖੀਂ ਬੰਨ ਖਲੋਵੇ।ਤੇਉਹਜੋੜੀ ਰੱਖ ਸਲਾਮਤ ਮੇਰੇਵੀਰ ਪਿਆਰੇ। ਉਹਨਾਂ ਨਾਲੋਂ ਸੋਹਣਾ ਕੇਹੜਾ ਅੰਦਰ ਆਲਮ ਸਾਰੇ।ਵਿਚ ਹਯਾਤੀ ਉਨ੍ਹਾਂ ਦੋਹਾਂਨੂੰ ਤੱਤੀ ਵਾ ਨਾ ਲਾਵੀਂ। ਮੈਂਤੱਤੀ ਦਾਨਾਮ ਉਨ੍ਹਾਂ ਨੂੰ ਯਾਦਨਾ ਮੂਲਕਰਾਈਂ।ਸ਼ਾਇਦ ਰੋਣਉਨ੍ਹਾਂਨੂੰ ਨੂੰਆਵੇ।ਵਿਚ ਵਛੋੜੇ ਮੇਰੇਉਨ੍ਹਾਂ ਬਦਲੇ ਰੋਵਨ ਹਰਦਮ ਮੇਰੇ ਲੇਖਬਥੇਰੇਯਾ ਰੱਬ ਉਹਵੀਰਾਂ ਦੀ ਜੋੜੀ ਕਦੇ ਤੇ ਫੇਰ ਮਲਾਵੀਂ।ਪਿਆਰੀ ਪਿਆਰੀ ਸ਼ਕਲ ਉਨ੍ਹਾਂਦੀ

ਇਕੋਵਾਰ ਦਖਾਂਵੀਂ। ਉਨ੍ਹਾਂ ਬਦਲੇ ਮੈਂ ਦੁਖ ਝਲੇ ਤੇ ਅਜਜਾਨ ਗਵਾਈ ਸਭਨਾਂ ਨਾਲੋਂ ਦੁਖ ਜ਼ਿਆਦਾ ਵੀਰਾਂ ਵਿਚ ਜੁਦਾਈ। ਵੇਖ ਰਹੀਮ ਬਖਸ਼ ਇਹ ਕੈਸੀ ਮੇਹਰ ਮੁਹੱਬਤ ਭੈਣਾਂ। ਬਾਝ ਦੀਦਾਰ ਪਿਆਰ ਤੁਸਾਡੇ ਹੋਰ ਓਨਾਂ ਕੀ ਲੈਣਾਂ।

ਦਿਲ ਖੁਰਸ਼ੰਦ ਦਾ ਜਗਨਤੋਂ ਗੁਜਰੀ ਥਣਨਾ ਅਤੇ ਦੋ ਵਿਛੜਿਆਂ ਹੋਇਆਂ ਨੂੰ ਮਿਲਾਂਉਣਾ

ਜੋਗਨ ਘੁੰਮਨ ਘੇਰੇ ਦੇ ਵਿਚ ਪਾਈ ਬਹੁਤ ਲਚਾਰੀ। ਭਿੱਜ ਗਿਆ ਤਵੀਜ ਵਲੀ ਦਾ ਗਈ ਕਰਾਮਾਤ ਸਾਰੀ। ਦੂਜਾ ਮਨਕਾ ਮੂੰਹ ਵਿਚ ਜੇਹੜਾ ਉਹ ਭੀ ਡਿਗ ਪਿਆ ਸੀ। ਹੋਰ ਬਥੇਰਾ ਰੋਵਨ ਲਗੀ ਅੰਕ ਫਰਕ ਰਿਹਾ ਸੀ। ਓੜਕ ਗੋਲੀ ਰੁੜਦੀ ਰੁੜਦੀ ਪਾਰ ਕਨਾਰੇ ਜਾਂਦੀ। ਮਾਰ ਛਾਲ ਸ਼ਤਾਬੀ ਜੋਗਨ ਸਾਰੇ ਫਿਕਰ ਗਵਾਂਦੀ। ਲੰਘ ਗਈ ਜਾਂ ਪਾਰ ਵਿਚਾਰੀ ਸ਼ੁਕਰ ਖੁਦਾ ਦਾ ਕਰਦੀ। ਰਸਤਾ ਫੇਰ ਅਗਾਂਹ ਵਾਲਾ ਨਾਲ ਸ਼ਤਾਬੀ ਫੜਦੀ। ਅਗੋਂ ਨਜ਼ਰ ਅਬਾਦੀ ਆਈ ਵੱਗਨ ਖੂਹ ਝਲਾਰਾਂ। ਕਿਧਰੇ ਮਹਲ ਮੁਨਾਰੇ ਦਿਸਨ ਕਿਧਰੇ ਬਾਗ ਬਹਾਰਾਂ। ਜਾਂ ਤੇ ਜੋਗਨ ਟੁਰਦੀ ਜਾਂਦੀ ਹੋਈ ਅਗਾਹਾਂ ਹੋਈ। ਰਾਹ ਵਿਚ ਡੋਲਾ ਨਜ਼ਰ ਪਿਆ ਇਕ ਜੰਵ ਕਹਾਰ ਨਾ ਕੋਈ। ਡੋਲੀ ਦੇ ਵਿਚ ਵਹੁਟੀ ਬੈਠੀ ਹਾਰ ਸ਼ਿੰਗਾਰਾਂ ਵਾਲੀ। ਜੇਵਰ ਲਾਲ ਜਵਾਹਰ ਸੋਹਣਾ ਸੂਰਤ ਅਜਬ ਨਿਰਾਲੀ। ਜੋਗਨ ਵੇਖ ਡਰੀ ਉਸ ਪਾਸੋਂ ਏਹ ਕੀ ਭੇਦ ਅਲਾਹੀ। ਵਹੁਟੀ ਆਖੇ ਨਾ ਡਰ ਭੈਣੇ ਮੈਂ ਵਿਚ ਐਬ ਨਾ ਕਾਈ ਜੋਗਨ ਪੁਛੇ ਕੌਣ ਕੋਈ ਤੂੰ ਸੁੰਦਰ ਰੂਪ ਜਨਾਨੀ। ਕੇਹੜਾ ਛੋੜ ਗਿਆ ਤੁਧ ਏਥੇ ਸਾਨੂੰ ਦੱਸ ਕਹਾਣੀ। ਫੇਰ ਜਵਾਬ ਦਿਤਾ ਉਸ ਲੜਕੀ ਨਾਂ ਜਾ ਭੈਣ ਪਿਆਰੀ। ਖੋਲ ਸੁਨਾਵਾਂ ਹਾਲ ਤਤੈਨੂੰ ਦੁਖਾਂ ਵਾਲੀ ਸਾਰੀ। ਮੈਂ ਤੱਤੀ ਸ਼ਾਹ-ਜ਼ਾਦੀ ਹਾਂ ਇਕ ਬਾਦਸ਼ਾਹ ਦੀ ਜਾਈ। ਉਹ ਸ਼ਹਿਜ਼ਾਦਾ ਜੇਹੜਾ ਮੈਨੂੰ ਵਿਆਹੁਣ ਆਯਾ ਸਾਈ। ਅਹਹੈ ਆਸ਼ਕ ਗੋਲੀ ਉਤੇ ਇਸ਼ਕ ਉਹਦੇ ਵਿਚ ਮਰਦਾ। ਇਕ ਇਕ ਪਲ ਭੀ ਉਸ ਗੋਲੀ ਦਾ ਮੂਲ ਵਸਾਹ ਨਾ ਕਰਦਾ। ਜਾਂ ਉਹ ਲਾੜਾ ਸੁੰਦਰ ਸੂਰਤ ਮੈਨੂੰ ਵਿਆਹੁਣ ਆਯਾ ਉਹ ਗੋਲੀ ਸੌਂਕਣ ਮੇਰੀ ਨੂੰ ਆਪਣੇ ਨਾਲ ਲਿਆਯਾ। ਜਾਂ ਤੇ ਡੋਲੀ ਪਾਵਣ ਲਗੇ ਮਾਪੇ ਮੇਰੇ ਤਾਈਂ ਨਾਲ ਵਿਛੋੜੇ ਮੈਂ ਉਸ ਵੇਲੇ ਛੋਰੋ ਮਾਰਾਂ ਆਹੀਂ। ਰਾਹ ਵਿਚ ਗੋਲੀ ਸਿਆਹੀ

ਲੈਕੇ ਮੂੰਹ ਮੇਰੇਤੇ ਲਾਈ।ਖਾਵੰਦ ਮੇਰੇਅਗੇਜਾਕੇ ਇਹਗੱਲਆਖਸੁਨਾਈ
ਓਹ ਬਦ ਸ਼ਕਲ ਦਸੇਂਦੀ ਮੈਨੂੰ ਵਹੁਟੀ ਮੇਰੀ ਕਾਲੀ। ਫੀਨਾ ਨੱਕ ਤੇ
ਚੁਨੀਆਂ ਅੱਖੀਆਂਵਡਿਆਂਦੰਦ ਵਾਲੀ।ਸੁਣਲੈਜੋਗਨ ਮੈਂਉਸਵੇਲੇਬੋਲੀ
ਨਾਂ ਸ਼ਰਮਾਂਦੀ।ਤਾਈਂ ਅੱਜ ਅੰਧੇਰੀਵਗੀ ਮੈਂਪਰ ਆਣਗਮਾਂ ਦੀ।ਮੈਨੂੰ
ਛੱਡ ਅਕੇਲੀ ਇਥੇ ਆਪਟੁਰਗਏਸਾਰੇ। ਮਾਂ ਪਿਓ ਮੇਰੇ ਨੂੰ ਭੀਹਰਗਿਜ਼
ਯਾਦ ਨਹੀਂ ਇਹ ਕਾਰੇ।ਜੋਗਨ ਆਖੇ ਚਲ ਸ਼ਾਹਜ਼ਾਦੀਨਾਲਤੇਰੇਮੈਜਾਵਾਂ
ਜਿਉਂ ਕਰ ਹੋਵੇ ਮੈਂ ਉਹ ਤੈਨੂੰ ਤੇਰਾ ਖਸਮ ਮਿਲਾਵਾਂ।ਓੜਕ ਨਾਲਗਈ
ਲੈ ਜੋਗਨ ਉਸ ਸ਼ਾਹਜ਼ਾਦੀ ਤਾਈ। ਜਿਥੇ ਸੌਹਰੇ ਉਸਕੁੜੀ ਦੇ ਪਹੁੰਚੀਜਾ
ਉਸ ਥਾਈਂ। ਬਾਹਰ ਸ਼ਹਿਰੋਂਸ਼ਾਹਜਾਦੇਨੇਸੀਇਕਬਾਗਬਨਾਯਾ।ਉਸਦੇ
ਵਿਚ ਸਨੇ ਉਹ ਗੋਲੀਰਖੇਡੇਰਾਲਾਯਾ। ਪੁਛਪੁਛਾਕੇ ਦੋਵੇਂਜਨੀਆਂਬਾਗ
ਓਸ ਵਲ ਗਈਆਂ। ਹੁਣ ਕੇਹੜੀ ਤਜਵੀਜ਼ ਬਨਾਈਏ ਆਣ ਦਲੀਲਾਂ
ਪਈਆਂ। ਓੜਕ ਇਕ ਸ਼ਲਾਹ ਬਨਾਈ ਏਥੇ ਭੇਸ ਵਟਾਈਏ॥ ਬਣਕੇ
ਗੁਜਰੀ ਦੁਧ ਬਹਾਨੇ ਬਾਗ ਉਹਦੇ ਵਿਚ ਜਾਈਏ॥ ਦੋ ਤਿੰਨ ਗਾਈਆਂ
ਤੇ ਇਕ ਨੌਕਰ ਲਾਯਾ। ਉਸੇ ਬਾਗੋਂ ਨੇੜੇ ਉਹਨਾਂ ਡੇਰਾ ਜਾਜਮਾਇਆ।
ਇਕ ਰਾਜ਼ ਮਜ਼ਦੂਰ ਲਿਆਕੇ ਉਸਨੇ ਸੁਰਗ ਪੁਟਾਈ॥ ਆਪਨੇਡੇਰਿਓਂ
ਕਢ ਸ਼ਤਾਬੀ ਅੰਦਰ ਬਾਗ ਪੁਚਾਈ॥ ਪੈਹਰਦਾਰ ਨਾ ਲੰਘਨਦੇਂਦੇ ਬੂਹੇ
ਰਾਹ ਕਿਸੇ ਨੂੰ। ਤਾਂ ਇਹ ਸੁਰੰਗ ਬਨਾਈ ਉਹਨਾਂ ਕੀਤਾ ਰਾਹ ਪਿਛੇ ਨੂੰ॥
ਕਰਕੇ ਕੰਮ ਤਿਆਰ ਤਮਾਮੀ ਜੋਗਨ ਭੇਸ ਬਨਾਕਾ। ਸਿਰ ਤੇ ਮਟਕੀਗਲ
ਵਿਚ ਕੁੜਤੀ ਲੈਗਾ ਲੱਕ ਸੁਹਾਯਾ॥ ਨ੍ਹਾਤੀ ਦੇਹਕੇ ਨਾਲ ਖੁਸ਼ੀ ਦੇ ਸਾਰੀ
ਗਰਦ ਉਤਾਰੀ॥ ਮੁਦਤ ਪਿਛੋਂ ਫੇਰ ਹੁਸਨ ਦੀ ਆਈ ਉਸਪਰਵਾਰੀ
ਉਹ ਜੋ ਮੁਖ ਮਨੋਹਰ ਉਸਨੇ ਵਿਚ ਕਲਬੂਤ ਲੁਕਾਯਾ॥ ਗਰਦ ਉਡੀਜਾਂ
ਬੱਦਲ ਵਾਂਗੂ ਵਿਚੋਂ ਚੰਨ ਦਸਾਯਾ॥ਜੇਹੜੇ ਸੂਰਜ ਉਪਰਹੈਸੀਰਾਤਗਮਾਂ
ਦੀ ਆਈ॥ ਉਸਨੇ ਭੀ ਅਜ ਗੁਜਰੀ ਉਪਰ ਲਾ ਦਿਤੀ ਰੁਸ਼ਨਾਈ।ਉਹ
ਦਰਯਾ ਹੁਸਨ ਦਾ ਅਗੇ ਸੁਕ ਗਿਆਸੀ ਜੇਹੜਾ। ਕੰਡਿਆਂ ਉਤੋਂਉਛਲ
ਆਇਆ ਚੜ੍ਹਿਆ ਨੀਰ ਵਧੇਰਾ॥ ਉਹਕੁਮਲਾਗਿਆਸੀਜੇਹੜਾਸੋਹਣਾ
ਫੁਲ ਚਮਨਦਾ। ਹਾਰਿਆ ਕੀਤਾਉਸਨੂੰ ਜਲਦੀ ਪਾਣੀਪਾ ਹੁਸਨਦਾ

ਤੋੜੀ ਬੀਨ ਬੈਰਾਗਨ ਭੰਨੀ ਦੁਧ ਸਿਰੇ ਤੇਚਾਯਾ॥ਜੋਗਨ ਤੋਂ ਅਜਫੇਰ ਵਿਚਾਰੀ ਗੁਜਰੀ ਨਾਮ ਰਖਾਇਆ॥

ਜਾਣਾ ਦਿਲ ਖੁਰਸ਼ੈਦ ਜੋਗਨ ਕਾ ਸ਼ਾਹਜ਼ਾਦੇ ਕੇ ਬਾਗ ਮੇਂ ਗੁਜਰੀ ਬਨ ਕਰ ਔਰ ਉਸਕਾ ਆਸ਼ਕ ਹੋਣਾ

ਸ਼ਾਮਹੋਈਤੇ ਗਊਆਂਆਈਆਂਗੁਜਰੀਦੁਧਚੁਵਾਯਾ॥ਚਾਂਦੀ ਦੀ ਗਾਗਰ ਵਿਚ ਪਾਕੇ ਸਿਰ ਦੇ ਉਪਰ ਚਾਯਾ॥ ਸੁਰੰਗ ਵਿਚੋਂ ਦੀ ਨਾਲ ਸ਼ਤਾਬੀ ਬਾਗ ਅੰਦਰ ਲੰਘ ਜਾਵੇ॥ ਲੈ ਲੌ ਤਾਜਾ ਦੁਧਗਾਈਦਾਨਾਲ ਅਵਾਜ ਸੁਨਾਵੇ॥ਹੋ ਹੈਰਾਨਰਿਹਾ ਸ਼ਾਹਜ਼ਾਦਾ ਇਹ ਕੀਬੋਲਿਆ ਸਾਈ ਏਹ ਬਰੀਕ ਆਵਾਜ਼ ਪਿਆਰੀਮੈਨੂੰਕਿਥੋਂਆਈ॥ਹੋਕਾ ਫਿਰਦਿਤਾਉਸ ਗੁਜਰੀ ਬੋਲੀ ਦੂਜੀ ਵਾਰੀ॥ਜਲਦੀ ਦੁਧ ਲਵੋ ਜਿਸ ਲੈਣਾ ਭਾਰ ਮੇਰੇ ਸਿਰ ਭਾਰੀ॥ਸ਼ਾਹਜ਼ਾਦੇਨੇਉਠ ਸ਼ਤਾਬੀਉਤਵਲ ਨਜ਼ਰਉਠਾਈ॥ਡਿਠੀ ਬਾਹਰ ਖਲੋਤੀ ਗੁਜਰੀ ਸਿਰ ਪਰ ਮਟਕੀਚਾਈ॥ਐਸੀ ਸੂਰਤ ਸੋਹਣੀ ਉਸਨੇ ਨਹੀਂ ਡਿਠੀ ਸੀ ਕੋਈ॥ ਖੂਨੀ ਤੀਰ ਲਗੇ ਦੋ ਭਾਰੀ॥ਗਸ਼ਦੀ ਹਾਲਤ ਹੋਈ। ਇਹ ਕੀ ਵਿਚ ਹੁਸਨ ਦੇ ਅੱਲਾ ਹੈਤਾਸੀਰਬਨਾਈ॥ਜੋ ਦੇਖੇ ਹੋ ਆਸ਼ਕ ਬਨਕੇ ਕਰਦਾ ਜਾਨ ਸਫਾਈ॥ ਜਾਂ ਬੇਹੋਸ਼ ਪਿਆਉਸ ਡਿੱਠਾ ਸ਼ਾਹਜ਼ਾਦੇ ਦੇ ਤਾਈਂ॥ਮੁੜ ਗਈਗੁਜਰੀਡੇਰੇਆਪਨੇ ਉਸਸੁਰੰਗ ਦੇ ਰਾਹੀਂ॥ ਜਾਕੇ ਉਸਵਹੁਟੀਦੇਅਗੇਸਾਰੀਗਲਸੁਣਾਈ॥ਕਹਿੰਦੀਸ਼ਾਹ ਜ਼ਾਦੇ ਤੇ ਮੇਰਾ ਮੰਤਰ ਚਲ ਗਿਆਈ॥ਰਬਚਾਹੇਤੇ ਜਲਦੀ ਤੈਨੂੰਮਹਿਲਾਂ ਵਿਚ ਪੁਚਾਵਾਂ। ਗੋਲੀ ਵਲੋਂ ਚਾ ਹਟਾਵਾਂ ਤੇਰਾਇਸ਼ਕਲਗਾਵਾਂ॥ਓਧਰ ਉਸਸ਼ਾਹਜ਼ਾਦੇ ਨੂੰ ਜਦਹੋਸ਼ਬਦਨਵਿਚਆਈ॥ਉਚੀਵਾਜਾਂਮਾਰਨਲਗਾ ਬਨਕੇ ਹਾਲਸੁਦਾਈ॥ਲਿਆਗੁਜਰੀ ਮੈਂਦੁਧਖਰੀਦਾਂਖੜਾਉਡੀਕਾਂਤੈਨੂੰ। ਕਿਥੇ ਚਲੀ ਗਈ ਹੈਂ ਹੁਣਤੂੰਧੋਖਾਦੇਕੇਮੈਨੂੰ॥ ਆਈ ਦੌੜਸ਼ਤਾਬੀਗੋਲੀ ਮੂੰਹ ਸਿਰ ਚੁੰਮਣ ਲਗੀ॥ਕਿਥੇਆਨ ਸ਼ਾਹਜ਼ਾਦੇ ਉਤੇਵਾਅਚਾਨਕਵਗੀ॥ ਪਾਣੀ ਲਿਆਵੇ ਖੂਬ ਨੁਲਾਵੇ ਹੋਰਪੁਸ਼ਾਕਪਹਿਨਾਵੇ॥ਕੰਘੀਵਾਹਵੇਬਾਲ ਬਨਾਵੇ ਅਤਰ ਅਮੀਰਲਗਾਵੇ॥ਪਲੰਘਵਿਛਾਵੇ ਪੱਖਾਝਲੇਨਾਲਪਿਆਰ ਸੁਲਾਵੇ॥ ਸਯਦ ਰਹੀਮ ਬਖਸ਼ ਹੁਣ ਏਥੋਂ ਗੁਜਰੀ ਦੇ ਵਲ ਜਾਵੇ।

ਜਾਣਾ ਸ਼ਾਹਦੀ ਯਾਨ ਸ਼ਾਹਜ਼ਾਦੇ ਕੀ ਔਰਤ ਕਾ ਗੁਜਰੀ ਬਨ ਕਰ ਆਪਨੇ
ਉਪਰ ਫਰੇਫਤਾ ਕਰਣਾ

ਫਜ਼ਰ ਹੋਈ ਤੇ ਉਸ ਗੁਜਰੀ ਨੇ ਕੁਲਪੁਸ਼ਾਕ ਉਤਾਰੀ। ਸ਼ਾਹਜ਼ਾਦੀ ਹੈ ਵਲ ਸ਼ਾਹਜ਼ਾਦੇਕਰਦੀਅਜ ਤਿਆਰੀ।ਓਹੋ ਮਟਕੀ ਓਹੋਕੁੜਤੀ ਓਹੋ ਲੈਂਗਾਪਾਂਦੀ। ਅੱਜਸ਼ਾਹਜਾਦੀਗੁਜਰੀਬਨਕੇ ਸੁਰੰਗਾਂ ਵਿਚੋਂ ਦੀਜਾਂਦੀ। ਬਿਨਾਂ ਰੇਸ਼ਮ ਵਾਲ ਬਣਾਕੇਨਾਲਜਵਾਹਰ ਜੜਦੀ। ਤਾਜਾ ਦੁਧ ਪਾਯਾ ਵਿਚਗਾਗਰਸਿਰਦੇ ਉਪਰ ਧਰਦੀ। ਜਿਥੇ ਪਲੰਘਸ਼ਾਹਜਾਦੇਵਾਲਾਓਥੇ ਜਾ ਖਲੋਂਦੀ। ਤਾਜ਼ਾ ਦੁਧਖਰੀਦੋ ਗੋਕਾਉਚੀ ਹੋਕਾਦਿੰਦੀ। ਕੰਨਅਵਾਜ਼ ਪਈਜਾਂ ਉਸਦੇ ਜਾਗਪਿਆ ਸ਼ਾਹਜ਼ਾਦਾ।ਗੁਜਰੀ ਦਸ ਜਾਈਂਅਜ ਮੈਨੂੰ ਕੇਹੜਾ ਸ਼ਹਿਰਤੁਸਾਂਦਾ। ਗੁਜਰੀਆਖੇ ਦੁਧਖਰੀਦੋ ਛੋੜਦਲੀਲਾਂ ਸਭੇ ਤਰਸੋਗੇ ਮਤ ਦੁਧ ਅਗਾਂਹ ਨਾ ਦੁਨੀਆਂਵਿਚ ਲਭੇ। ਕਹੇ ਸ਼ਾਹਜ਼ਾਦਾ ਪੈਹਲਾਂ ਮੈਨੂੰ ਦੱਸੀਂ ਤੂੰ ਟਕਾਨਾਂ ਮੈਨੂੰ ਰੋਂਦਾਛੱਡ ਇਥਾਈਂ ਤੂੰਹੁਣੇਤੁਰ ਜਾਨਾਂ।ਕਹੇ ਸ਼ਾਹਜ਼ਾਦੀ ਚਿੰਤਪੁਰੇ ਵਿਚਮੈਂ ਗੁਜਰੀਹਾਂ ਰਹਿੰਦੀ।ਲੋੜਹੋਵੇ ਤਾਂ ਦੁਧ ਖਰੀਦੋ ਮੈਂਏਹਭਾਰ ਨਾ ਸਹਿੰਦੀ।ਸਿਰਤੇਭਾਰਮੇਰੇ ਸਿਰਮਟਕੀ ਕੌਨ ਵੇਲੇਦੀ ਖਲੀ।ਲੈਲੋ ਦੁਧਸ਼ਤਾਬੀ ਨਹੀਂਤੇ ਮੈਂਆਪਣੇਘਰ ਚਲੀ ਅਗਲੀ ਗਲੋਂਡਰੇ ਸ਼ਾਹਜ਼ਾਦਾ ਅਖੀਂਮੂਲ ਨਾਖੋਲੇ! ਮਤਇਹਗੁਜਰੀ ਤੁਰਜਾਵੇ ਮੁੜ ਕੇਹੜਾ ਏਥੇ ਬੋਲੇ। ਓੜਕਨਾ ਜਰ ਸਕਿਆ ਦਿਲ ਨੂੰ ਸਬਰ ਜਰਾਨਾ ਆਵੇ।ਇਕੋਵਾਰੀ ਨਾਲਦਲੇਰੀ ਧਿਆਨ ਉਹਦੀਵਲ ਪਾਵੇ।ਕੀ ਦੇਖੇ ਇਕ ਵਿਚ ਬਗੀਚੇ ਸੂਰਜ ਲਾਟਾਂਮਾਰੇ। ਹਰ ਥਾਂ ਫੁਲਾਂ ਪੱਤਾਂ ਉਪਰ ਪੈਣ ਉਹਦੇ ਲਸ਼ਕਾਰੇ। ਸੂਰਤ ਸੋਹਣੀ ਤੇ ਮਨ ਮੋਹਣਾਂ ਚੜਿਆ ਹੁਸਨ ਹੁਲਾਰੇ ਗਲਵਿਚ ਹਾਰ ਨੌਂ ਲੱਖਾ ਚਮਕੇ ਜਿਉਂ ਕਰ ਰੋਸ਼ਨ ਤਾਰੇ। ਲਗੇਸੌਦਾ ਕਰਨ ਬਪਾਰੀਸੂਰਤਦੇ ਵਣਜਾਰੇ।ਵੇਚ ਜਾਨ ਹੋਇਆ ਦਿਲ ਬਰਦਾ ਇਕੇ ਨਾਲ ਨਜਾਰੇ।ਕਾਹਨੂੰ ਜਾਲਮਖੂਨੀਬਨ ਗਏ ਦੋਵੇਂ ਨੈਨਪਿਆਰੇ ਕਾਹਨੂੰਤੇਜ਼ ਨਿਗਾਹਾਂ ਵਿਚੋਂਮਾਰੇਕਸ ਦੁਗਾੜੇ ਸਯਦ ਹਾਲ ਉਨ੍ਹਾਂ ਗੱਲਾਂ ਦਾ ਜਾਨਨ ਆਸ਼ਕਸਾਰੇ। ਲਗੀਹੁਣਸਿਰੇ ਸਿਰਬਾਜੀਕੌਣਜਿਤੇਕੌਣ ਹਾਰੇ।ਹੋਬੇਹੋਸ਼ਡਿਗਾ ਸ਼ਾਹਜ਼ਾਦਾਮੁੜਕੇਦੂਜੀ

ਵਾਰੇ। ਫਰਸ਼ ਜ਼ਿਮੀ ਤੇ ਲੇਟਨ ਲੱਗਾ ਮਾਰ ਹਿਜਰ ਦੇ ਨਾਰੇ।ਜਾਗਆਈ ਜਾਂ ਉਸ ਗੋਲੀ ਨੂੰਅੱਬੜਵਾਹੀ ਉਠੀ॥ ਦੌੜੋ ਲੋਕੋ ਫੜਿਓ ਮੈਨੂੰ ਮੈਂਤਤੀ ਅਜ ਲੁਟੀ। ਲੇਟੇ ਕਿਓਂ ਜ਼ਮੀਨ ਦੇ ਉਤੇ ਮੇਰੇ ਸਿਰ ਦਾ ਵਾਲੀ। ਖਬਰ ਕਿਸ ਵੇਲੇ ਦਾ ਢਠਾ ਅਜੇਨਾਸੁਤਰਸੰਭਾਲੀ।ਆਹੀਂ ਦਾਹੀਂ ਮਾਰਨਲਗੀ ਉਚੀ ਉਚੀ ਰੋਵੇ। ਨਾਲ ਗਮਾਂ ਦੇ ਹਾਲ ਗਵਾਯਾ ਵਾਲ ਸਿਰੇ ਦੇ ਖੋਵੇ। ਪੇਹਰੇਦਾਰ ਸਿਪਾਹੀ ਸਾਰੇ ਆਨ ਦਵਾਲੇ ਹੋਏ। ਕੀ ਹੋਯਾ ਸ਼ਾਹਜ਼ਾਦੇ ਨੂੰ ਕੇਹੜੀ ਗਲੋਂ ਰੋਏ॥ ਏਹ ਕੈਹਰ ਪਿਆ ਜੇ ਯਾਰੋ ਆਨ ਦਲੀਲਾਂ ਪਈਆਂ। ਨਾਲ ਸ਼ਤਾਬੀ ਬਾਪ ਓਹਦੇ ਨੂੰ ਸਭੇ ਖਬਰਾਂ ਗਈਆਂ। ਆਯਾ ਸ਼ਹਿਨਸ਼ਾਹ ਸ਼ਤਾਬੀ ਨਾਲ ਹਕੀਮ ਸਿਆਣੇ॥ ਬੈਠੇ ਗਿਰਦੇ ਸ਼ਾਹਜ਼ਾਦੇ ਦਫਤਰਖੋਲ੍ਹ ਪੁਰਾਣੇ।ਜਿਨਾਂ ਪਿੰਡਉਜਾੜਬਥੇਰੇਕਬਰਸਤਾਨਵਸਾਏ।ਨੀਮ ਹਕੀਮ ਦਿਲਾਂ ਦੇ ਰੋਗੀ ਕਠੇ ਹੋਕੇ ਆਏ। ਕੋਈ ਆਖੇ ਇਸ ਪੀਤੀ ਹੈ ਅਜ ਸ਼ਰਾਬ ਬਰਾਂਡੀ। ਕੁਝਅਚਾਰ ਖਲਾਓ ਉਸ ਨੂੰ ਏਹ ਖਟਿਆਈਓਂ ਜਾਂਦੀ। ਕੋਈ ਆਖੇ ਖਫਕਾਨ ਹੋਇਆ ਹੈ ਤੌਰ ਸੁਦਾਈਆਂ ਵਾਲੇ।ਖੁਸ਼ੀ ਮਨਾਉ ਸਾਜ ਮਨਾਉ ਤਾਂ ਇਹ ਹੋਸ਼ਸੰਭਾਲੇ। ਕੋਈ ਆਖੇਹੇ ਸ਼ਾਹਜ਼ਾਦੇ ਤੇ ਜਿੰਨ ਪਰੀ ਦਾ ਸਾਇਆ। ਤਾਂਹੀ ਪਿਆ ਜ਼ਮੀਨ ਤੇ ਲੇਟੇ ਹੋਸ਼ਹਵਾਸ ਭੁਲਾਇਆ।ਗੁਗਲ ਹਰਮਲ ਧੂਪ ਧੁਖਾਵਨਜ਼ੋਰ ਬਥੇਰਾ ਲਾਵਨ।ਕਾਹੜੇ ਸ਼ਰਬਤ ਕਚੇਫਕੇ ਸਾਰਾਜਤਨ ਕਰਾਵਨ। ਜਦਤਕ ਹਾਲ ਬੀਮਾਰੀ ਵਾਲੇ ਵੈਦਹਕੀਮ ਨਾ ਜਾਣੇ। ਹੁੰਦੀ ਨਹੀਂ ਸ਼ਫਾ ਬੀਮਾਰੀ ਲਾਵਣ ਜੋਰਸਿਆਣੇ ਤੇ ਜ਼ਦ ਹਾਲ ਹਕੀਕਤ ਉਸਦੀ ਲੈਂਦਾ ਲਭ ਸਿਆਣਾ। ਆਖੇਰੀ ਦਰ ਜਾਏ ਬੀਮਾਰੀ ਜਾਏ ਛਡ ਟਿਕਾਣਾ। ਰੋਗਕੋਈ ਤੇ ਦਾਰੂ ਕੋਈਇਹ ਕਦ ਹੱਛਾ ਹੋਣਾ। ਜਿਉਂ ਜਿਉਂ ਕਹਨ ਇਲਾਜ ਸਿਆਣੇ ਤਿਉਂ ਤਿਉ ਹੁੰਦਾ ਦੂਣਾ। ਓੜਕ ਹੋ ਲਚਾਰ ਖਲੋਤੇ ਇਹ ਕੋਈ ਅਜਬ ਬਿਮਾਰੀ॥ ਨਾਲ ਦਵਾਈਆਂ ਵਧਦੀ ਜਾਂਦੀ ਵਟੀ ਨਹੀਂ ਇਕ ਵਾਰੀ। ਪੁਛਣ ਲਗੇ।ਗੋਲੀ ਕੋਲੋਂ ਇਹ ਗਲ ਦਸ ਅਸਾਈਂ। ਅਗੇ ਭੀ ਇਹ ਹਾਲ ਕਰਦੀ ਨੇ ਨਾਹੀਂ॥ਗੋਲੀ ਆਖੇ ਸ਼ਾਮਾਂ ਐਵੇਂ ਹੋਯਾ ਸਾਈ॥ ਅੱਲਾ ਅੱਲਾਕਰਦੀ ਨੇ ਮੈਂ ਸਾਰੀ ਰਾਤ ਲੰਘਾਈ॥ਸ਼ਾਹਕਹੇ ਦਸਕੇਹੜੀਗਲੋਂਉਠੇ ਇਹਬਿਮਾਰੀ।

ਕਿਥੋਂ ਏਹ ਬੇਹੋਸ਼ੀ ਹੋ ਗਈ ਦਸ ਹਕੀਕਤ ਸਾਰੀ ॥ ਗੋਲੀ ਆਖੇ ਪੈਂਦਾ ਏਥੇ ਬਿਜਲੀ ਦਾ ਚਮਕਾਰਾ॥ ਕਦੀ ਕਦੀ ਆਰੋਸ਼ਨ ਹੁੰਦਾ ਬਾਗ਼ਅਸਾਡਾ ਸਾਰਾ ।ਖਬਰ ਨਹੀਂ ਉਸਦੇ ਵਿਚੋਂ ਇਸਨੂੰ ਨਜ਼ਰ ਪਿਆ ਈ। ਉਸ ਵੇਲੇ ਸ਼ਾਹਜ਼ਾਦੇ ਨੇ ਹੋਸ ਹਵਾਸ ਭੁਲਾਈ ॥ ਪੁਛੇ ਫੇਰ ਵਜ਼ੀਰਾਂ ਕੋਲੋਂ ਦਸੇ ਕੋਈ ਸਿਆਣਾ॥ਕਿਥੋਂ ਉਹ ਚਮਤਕਾਰਾ ਪੈਂਦਾ ਕੀ ਵਿਚ ਭੇਦ ਰਬਾਨਾ॥ਆਖਣ ਸ਼ਾਹ ਐਥੇ ਕੀਤਾ ਪਰੀਆਂ ਆਨ ਉਤਾਰਾ। ਸ਼ਾਹਜ਼ਾਦੇ ਨੂੰ ਲੈ ਚਲੋ ਏਥੋਂ ਦੂਰ ਹੋਵੇ ਗਮ ਸਾਰਾ। ਸ਼ਾਹ ਨੂੰ ਇਹ ਗੱਲ ਚੰਗੀ ਲਗੀ ਜਲਦ ਹੁਕਮ ਫੁਰਮਾਵੇ। ਸ਼ਾਹਜਾਦਾ ਲੈ ਚਲੋ ਮਹੱਲੀਂ ਜੇ ਰਬ ਆਸ ਪੁਜਾਵੇ।

ਵਾਕਫ ਹੋਨਾ ਬਾਦਸ਼ਾਹ ਕਾ ਲਭਕੇ ਕੇ ਹਾਲ ਸੇ ਔਰ ਉਸਕਾ ਇਲਾਜ ਕਰਨਾ

ਇਤਨੇ ਦੇ ਵਿਚ ਸ਼ਾਹਜ਼ਾਦੇ ਨੂੰ ਹੋਸ਼ ਬਦਨ ਵਿਚ ਆਈ॥ ਲਿਆ ਗੁਜਰੀ ਮੈਂ ਦੁਧ ਖਰੀਦਾਂ ਇਕ ਅਵਾਜ ਸੁਨਾਈ ॥ ਆ ਸ਼ਤਾਬੀ ਉਡੀਕ ਰਹੇ ਦੋ ਸਾਸ ਲਬਾਂ ਪਰ ਖਲੇ । ਜਾਨ ਵੇਚਾਂ ਤੇ ਦੁਧ ਖਰੀਦਾਂ ਹੋਰ ਨਾਹੀਂ ਕੁਝ ਪਲੇ । ਸ਼ਾਹ ਕਹੇ ਕਰ ਹੋਸ਼ ਪਿਆਰੇ ਏਹ ਕੀ ਹੋਇਆ ਤੈਨੂੰ ॥ ਕੇਹੜਾ ਸੂਰਤ ਲੈ ਗਿਆ ਦਸ ਹਕੀਕਤ ਮੈਨੂੰ ॥ ਦੱਸ ਮੈਨੂੰ ਉਹ ਕੇਹੜੀ ਗੁਜ਼ਰੀ ਰਹੇ ਮਹੱਲੇ ਕੇਹੜੇ। ਇਸ ਵੇਲੇ ਬੰਨ ਲਿਆਵਾਂ ਪਾਸ ਲਿਆਵਾਂ ਤੇਰੇ॥ ਸੁਣ ਚੁਪ ਹੋਯਾ ਸ਼ਾਹਜ਼ਾਦਾ ਉਠ ਸ਼ਤਾਬੀ ਬਹਿੰਦਾ। ਇਸ਼ਕ ਸ਼ਰਮ ਦਾ ਮੁਢੋਂ ਵੈਰੀ ਸ਼ਰਮ ਰਹਿਨਨ ਦੇਂਦਾ॥ਬਾਪ ਕਹੇ ਉਠ ਚਲ ਘਰਾਂ ਨੂੰ ਮੰਨ ਅਸਾਡਾ ਕਹਿਣਾ ॥ ਏਹ ਹੈ ਨਹਿਸ਼ ਬਗੀਚਾ ਤੇਰਾ ਏਥੇ ਨਾ ਹੁਣ ਰਹਿਣਾ॥ ਕਹੇ ਸ਼ਾਹਜ਼ਾਦਾ ਨਾ ਮੈਂ ਹਰਗਿਜ ਛੱਡਾਂ ਏਹ ਟਿਕਾਣਾ॥ਯਾ ਤੇ ਚਿੰਤ੍ਰਪੁਰੇ ਲੈ ਚਲੋ ਹੋਰ ਕਿਤੇ ਨਹੀਂ ਜਾਣਾ॥ਹੋ ਹੈਰਾਨ ਰਿਹਾ ਸ਼ਾਹ ਸੁਣਕੇ ਏਹ ਭੀ ਸ਼ਾਮਤ ਹੋਈ। ਸਾਡੀ ਬਾਦਸ਼ਾਹੀ ਵਿਚ ਕਿਧਰੇ ਚਿੰਤ ਪੁਰਾ ਨਹੀਂ ਕੋਈ। ਓੜਕ ਬਾਪ ਗਿਆ ਟੁਰ ਘਰ ਨੂੰ ਲਾਕੇ ਜੋਰਬਥੇਰਾ। ਆਖੇ ਪੁਤ ਹਵਾਲੇ ਰਬ ਦੇ ਵਸ ਨਹੀਂ ਕੁਝ ਮੇਰਾ । ਬਾਪ ਗਿਆ ਟੁਰ ਤੇ ਹੁਣ ਪਿਛੇ ਰਿਹਾ ਸ਼ਾਹਜ਼ਾਦਾ ਕੱਲਾ ॥ ਓਹੋ ਦਰਦਦਿਲਾਂ ਦੀ ਵੈਰੀਆਨ ਪਿਆ ਕਰ ਹੱਲਾ। ਓਹੋ ਰੋਣਾ ਤੇ ਕੁਰਲਾਣਾ ਓਹੋ ਗਿਰੀਆਂ ਜ਼ਾਰੀ॥ਓਹੋਂ ਧਾਹੀਂ ਓਹੋ ਆਹੀ ਓਹੋ ਹਾਲ ਖੁਆਰੀ॥ਐ ਗੁਜਰੀ ਇਕ ਨਾਮਖੁਦਾ ਦੇਮੈਂ ਵਲਫੇਰਾ ਪਾਈ।

ਓਹੋ ਸੂਰਤ ਪਿਆਰੀ ਪਿਆਰੀ ਮੈਨੂੰ ਆ ਦਖਲਾਈਂ । ਕਿਥੋਂ ਜਾਕੇ ਦੇਖਾਂ ਤੈਨੂੰ ਚਿੰਤਪੁਰੇ ਦੀਏ ਨਾਰੇ।ਓਹਘਾਇਲ ਕਰ ਗਏ ਮੈਨੂੰਤੇਰੇਨੈਨਪਿਆਰੇ। ਜੇਕਰ ਨਸਲ ਪਰੀ ਦੀ ਹੈ ਤੂੰਝਾਤਮੇਰੀ ਵਲ ਪਾਈਂ ਕਸਮਤੈਨੂੰਸੁਲੇਮਾਨ ਨਬੀ ਦੀ ਐਵੇਂ ਨ ਉਡ ਜਾਈਂ ॥ ਸੱਯਦ ਰਹੀਮ ਬਖਸ਼ ਹਣ ਏਥੇ ਛਡ ਸ਼ਾਹਜ਼ਾਦੇ ਤਾਈਂ ਬਾਕੀ ਹਾਲਤ ਗੁਜਰੀ ਵਾਲੀ ਸਾਰੀ ਆਖ ਸੁਣਾਈਂ ।

ਦਿਲ ਖੁਰਸ਼ੈਦ ਕਾ ਸ਼ਾਹਜ਼ਾਦੀ ਕੋ ਲ ਜਾਣਾ ਬਾਲਬਾਸ ਗੁਜਰੀ ਕਾ ਆਨਾ
ਔਰ ਉਸਕੋ ਮਿਲਾਣਾ ਖਾਂਵਦ ਸੇ

ਰਾਤ ਪਈ ਤੇ ਅੱਜ ਤਿਆਰੀ ਕੀਤੀ ਦੋਹਾਂ ਜਨੀਆਂ।ਉਹੋ ਜਹੀਆਂ ਪਾ ਪੁਸ਼ਾਕਾਂ ਦੋਵੇਂ ਗੁਜਰੀ ਬਣੀਆਂ । ਇਕੋ ਰੰਗ ਲਿਬਾਸ ਦੋਹਾਂ ਦਾ ਇਕ ਸੂਰਤ ਸਾਈ।ਇਕੋ ਜੇਡੀ ਉਮਰ ਦੋਹਾਂ ਦੀ ਰੱਬ ਕਰੀਮ ਬਣਾਈ॥ਸੁਰੰਗ ਵਿਚੋਂ ਤੁਰੀਆਂ ਜਾਵਣ ਇਕ ਪਿਛੇ ਇਕ ਅਗੇ।ਨਾਦੀਵੇਦੀਲੋੜ ਉਨ੍ਹਾਂ ਨੂੰ ਆਪੇ ਚਾਨਣਲਗੇ।ਚੁਪਚੁਪਚੁਪਾਤੀਆਂਦੋਵੇਂਜਨੀਆਂਦੇਖਣਹਾਲ ਖਲੋਕੇ। ਪਿਆ ਸ਼ਾਹਜ਼ਾਦਾ ਆਹੀਂ ਮਾਰੇ ਉਚੀ ਉਚੀ ਰੋ ਕੇ। ਉਹਨਾਂ ਰਲਕੇ ਦੋਹਾਂ ਜਨੀਆਂ ਇਕ ਅਵਾਜ ਲਗਾਈ ਮੈਂ ਹਾਂ ਗੁਜਰੀ ਚਿੰਤਪੁਰੇ ਦੀ ਤਾਜਾ ਦੁਦ ਲਿਆਈਂ॥ਵਿਚਵਿਛੋੜੇ ਉਹ ਸ਼ਾਹਜ਼ਾਦਾ ਪਾਸ ਮਰਦਾ ਜਾਂਦਾਸਾਈ।ਇਕੋ ਨਾਲ ਅਵਾਜ਼ ਸਜਣ ਦੀ ਜਾਨ ਬਦਲ ਵਿਚ ਆਈ।ਦੌੜ ਸ਼ਤਾਬੀ ਨਾਲ ਸ਼ਾਹਜ਼ਾਦਾ ਪਾਸ ਉਨ੍ਹਾਂ ਦੇ ਜਾਵੇ।ਆਜਜ਼ ਬਹੁਤ ਅਜਰੁਦਾ ਹੋਕੇਦਿਲ ਦਾ ਹਾਲ ਸੁਣਾਵੇ ॥ ਬੰਨ ਦਲੇਰੀ ਸ਼ਾਹਜ਼ਾਦੀ ਨੂੰ ਲੈਂਦਾ ਵਿਚ ਕਲਾਵੇ । ਜੇ ਅਜ ਗਈ ਤੇ ਤੂੰ ਮੁੜਕੇ ਫੇਰ ਕਦੋਂ ਹਥ ਆਵੇਂ॥ ਦਿਲ ਖੁਰਸ਼ੈਦ ਕਹੇ ਐ ਸ਼ਾਹਾ ਕਰ ਕੁਛ ਹੋਸ਼ ਦਾਨਾਈ।ਭੈਣ ਮੇਰੀ ਨੂੰ ਕਿਉਂ ਤੂੰ ਫੜਿਆ ਬਣਕੇ ਹਾਲ ਸੁਦਾਈ।ਕਹੇ ਸ਼ਾਹਜ਼ਾਦਾ ਮੂਲ ਨਾ ਛਡਾਂ ਜਦ ਤਕ ਹੈ ਜਿੰਦਗਾਨੀ। ਏਹ ਕਿਉਂ ਨਸਗਈ ਸੀਮੈਨੂੰ ਮਾਰ ਹਿਜਰਦੀ ਕਾਨੀ।ਗੁਜਰੀਆਖੇ ਛਡ ਅਸਾਂ ਨੂੰ ਅਸੀਂ ਘਰਾਂ ਨੂੰ ਜਾਈਏ।ਦੁਧਵੇਚਣ ਦੀ ਕਾਰ ਅਸਾਡੀ ਮੁਫਤ ਨਾ ਵਕਤ ਲੰਘਾਈਏ ॥ ਕਹੇ ਸ਼ਾਹਜ਼ਾਦਾ ਮੂਲ ਨਾ ਛੱਡਾਂ ਰਹੇਕਿਆਮਤ ਤਾਈਂ ॥ਜਾਨ ਦੇਵਾਂ ਪਰ ਜਾਣ ਨਾ ਦੇਵਾਂ ਇਸਨੂੰਕਿਤੇ ਕਦਾਈਂ॥ਓੜਕ ਦੋਹਾਂ ਜਨੀਆਂ ਰਲ ਕੇ ਜੋਰੀਂ ਚਾ ਛੁਡਾਇਆ । ਏਹ ਰੋਵੇ ਤੇ ਉਹ ਦੋ

ਹੱਸਨ ਰੱਬ ਨੇ ਖੇਲ ਬਨਾਯਾ॥ਦਿਲ ਖੁਰਸ਼ੈਦਕਹੇਐ ਗੁਜਰੀਬਖਸ਼ ਦਿਆਂ ਜੇ ਤੈਨੂੰ॥ਐ ਸ਼ਾਹਜ਼ਾਦੇ ਉਸਦੇ ਬਦਲੇ ਕੀਦੇਵੇਂਗਾ ਮੈਨੂੰ ।ਕਹੇ ਸ਼ਾਹਜ਼ਦਾ ਜੇ ਤੂੰ ਮੰਗੇ ਉਜਰਨਹੀਂ ਕੋਈ ਮੇਰਾ। ਦੌਲਤਮਾਲ ਖਜਾਨਾ ਵਿਚੋਂਮੇਰਾ ਬਰਦਾ ਤੇਰਾ ਗੁਜਰੀਆਖੇ ਜੇਤੂੰ ਸਾਨੂੰਮੁੜਕੇ ਮਨੋਂਹਟਾਵੇਂ।ਗੋਲੀ ਨਾਲੋਂ ਹਟ ਅਸਾਡਾ ਘਰ ਵਿਚ ਕਦਰ ਬਨਾਵੇਂ।ਕਹੇ ਸ਼ਾਹਜ਼ਾਦਾ ਤੋਬਾ ਮੇਰੀਜੇ ਤੁਧ ਮਨੋਂ ਭੁਲਾਵਾਂ।ਗੋਲੀ ਦਾਕੀਕਦਰ ਵਿਚਾਰੀਪਲਵਿਚਮਾਰਗਵਾਵਾਂ ਗੁਜਰੀ ਆਖੇ ਮੈਨੂੰ ਤੁਧ ਪਛਾਤਾ ਹੈ ਯਾ ਨਾਹੀਂ।ਮੈਂ ਓਹੋ ਹਾਂ ਜੰਗਲਅੰਦਰ ਛੋੜ ਆਯੋਂ ਜਿਸ ਤਾਈਂ ਉਹੋ ਕਾਲੇ ਵਾਲੀ ਜੇਤੂੰ ਆਪ ਵਿਹਾਈ ।॥ ਜਿਸ ਨੂੰ ਦੇਸ਼ ਨਾ ਕੋਈ।। ਇਹ ਗਲ ਆਖ ਸ਼ਾਹਜਾਦੀ ਓਥੇ ਹੰਝੂ ਭਰ ਕਾਰੇ ਤੇਰਾ ਦੋਸ਼ ਨਾ ਕੋਈ॥ਇਹ ਗਲ ਆਖ ਸ਼ਾਹਜਾਦੀ ਓਥੇ ਹੰਝੂ ਭਰ ਭਰ ਰੋਈ। ਸੁਨ ਗੱਲਾਂ ਸਾਹਜ਼ਾਦੇ ਨੂੰ ਜੋਸ਼ ਦਿਲੇ ਵਿਚ ਆਯਾ। ਗੋਲੀ ਨੂੰ ਇਕ ਗੋਲੀ ਮਾਰੀ ਜਾਨੋਂ ਪਾਰਲੰ ਘਾਇਆ॥ਸਾਹਜਦੀ ਓਥੇ ਹੰਝੂ ਭਰ ਮਹਿਲਾਂ ਵਿਚ ਪੁਚਾਯਾ॥ਰੋਸ਼ਨ ਹੋਯਾ ਵਿਚ ਸ਼ਹਿਰ ਤਮਾਮੀ ਅੱਲਾ ਦਰਦ ਗਵਾਯਾ॥ ਚਲ ਰਹੀਮ ਬਖਸ਼ ਅਗੇ ਇਹ ਗਲ ਛਡ ਅਥਾਈਂ। ਜਿਸ ਦਾ ਪੈਂਡਾ ਖੋਟਾ ਹੁੰਦਾ ਜਲਦੀ ਤੋਰ ਅਗਾਹੀਂ।

ਸ਼ਾਹਜ਼ਾਦਾ ਬਨ ਕਰ ਰਵਾਨਾ ਹੋਣਾ ਦਿਲ ਖੁਰਸ਼ੈਦ ਕਾ ਔਰ ਏਕ ਸ਼ਾਹਜ਼ਾਦਾ ਸੇ ਸ਼ਿਕਾਰ ਖੇਲਨਾ

ਦਿਲ ਖੁਰਸੈਦ ਵਿਚਾਰੀ ਏਥੇ ਜਾਂ ਕੁਛ ਰੋਜ਼ ਲੰਘਾਏ।ਆਨ ਉਦਾਸ ਹੋਯਾ ਦਿਲ ਉਸਦਾ ਫੇਰ ਸਫਰ ਵਲ ਜਾਏ॥ ਫੇਰ ਵਿਚਾਰੀ ਵਾਲੀ ਕੁਲ ਪੁਸ਼ਾਕਉਤਾਰੀ॥ਸ਼ਾਹਜ਼ਾਦੇਦਾਪਾ ਪੈਰਾਹਨ ਕਰਦੀ ਸਫਰ ਤਿਆਰੀ ਆਖੇ ਵਿਚਲਬਾਸ ਜਨਾਨਾ ਬਹੁਤਮੁਸੀਬਤ ਹੋਸੀ ਮਰਦ ਕੋਲੋਂ ਹਰ ਕੋਈ ਡਰਦਾ ਸਾਥੋਂ ਡਰੇ ਨਾ ਕੋਈ॥ਝੋੜਾ ਇਕਦਿਤਾ ਸਾਹਜ਼ਾਦੇ ਤੇਜ਼ ਸਵਾਰੀ ਵਾਲਾ ॥ ਉਠ ਰਵਾਨਾ ਹੋਈ ਅਗਾਹਾਂਜਿਉਂ ਰਾਹੀਆਂ ਦਾ ਚਾਲਾ॥ਬਿਨ ਸ਼ਾਹਜਾਦਾ ਮਾਰ ਪਲਾਕੀਘੋੜੇਉਪਰਚੜਦੀ॥ਓਹੋ ਸਿਧਾ ਰਾਹ ਪੁਰਾਣਾ ਨਾਲ ਸ਼ਤਾਬੀ ਫੜਦੀ॥ ਜਾਂ ਉਸ ਦੂਜੀ ਬਾਦਸ਼ਾਹੀ ਵਿਚ ਜਾਕੇ ਕਦਮ ਟਕਾਯਾ। ਇਕ ਸ਼ਕਾਰ ਖੜੇਂਦਾ ਉਸਨੂੰ ਸ਼ਾਹਜ਼ਦਾ ਦਿਸ ਆਯਾ॥ਨਾਲ

ਮੁਹੱਬਤ ਰਲਕੇ ਦੋਵੇਂ ਸੈਰਜੰਗਲਦੀ ਕਰਦੇ।ਇਕੋ ਜਿਹੇ ਜਵਾਨਬਹਾਦਰ
ਇਕੋ ਹਾਨ ਉਮਰ ਦੇ ॥ ਸ਼ਾਮ ਹੋਈ ਤੇ ਸ਼ਾਹਜ਼ਾਦੇ ਘਰ ਵਲ ਕਦਮ
ਉਠਾਯਾ।ਉਸਨੂੰਵੀਕਰਵਾ ਕਰ ਸ਼ਫਕਤ ਆਪਨੇ ਨਾਲ ਲਿਆਯਾ।ਕਠੇ
ਰਹਿੰਦੇ ਕਠੇਬਹਿੰਦੇਕਠੇਪੀਂ ਦੇਖਾਂਦੇ।ਕਠੇਦੋਵੇਂ ਨਾਲਮੁਹੱਬਤਰੋਜ਼ ਸ਼ਿਕਾਰ
ਜਾਂਦੇ।।ਆਰਸ ਅੰਦਰ ਦੋਵੇਂ ਹੋ ਗਏ ਗੂੜ੍ਹੇ ਮੁਸ਼ੱਫਕ ਜਾਨੀ। ਨ ਮਲੂਮ
ਕਿਸੇ ਨੂੰ ਇਹ ਹੈ ਭੇਸ ਜਨਾਨੀ।।ਕਰਕੇ ਮੇਕ ਦਿਲੋ ਵਿਚ ਸ਼ਾਹਨੇ ਇਹ
ਤਜਵੀਜ਼ਬਤਾਈ।।ਏਦੂੰ ਸੋਹਣੀਸੂਰਤਕਿਧਰੇ ਹੋਰ ਨਜਰ ਨਹੀਂ ਆਈ।।
ਇਲਮ ਅਕਲ ਤੇ ਸੂਰਤ੍ਸੋਹਣੀ ਉਸਦੀ ਬਹੁਤਪਿਆਰੀ।ਇਸਦੇਨਾਲ
ਵਿਆਵਾਂ ਲੜਕੀ ਕਰਕੇ ਜੰਞ ਤਿਆਰੀ। ਦਿਲ ਖੁਰਸ਼ੇਦ ਕਹੇ ਐਯਾਰੋ
ਅਸੀਂ ਮੁਸਾਫਰ ਰਾਹੀ।।ਅਸਾਂਨਰਹਿਨਾ ਦੇਸਤੁਹਾਡੇਪਾਓ ਨਮੂਲੇਫਾਹੀ।
ਮੈਂ ਤੁਰ ਜਾਨਾ ਐ ਸ਼ਾਹਜ਼ਾਦੇ ਜਨਾ ਬਹੁਤ ਜ਼ਰੂਰੀ।ਮੰਗ ਦੁਵਾਖੁਦਾਵੰਦ
ਮੇਰੀ ਆਸ ਕਰੇ ਇਕ ਪੂਰੀ।ਕਹੇ ਸ਼ਾਹਜ਼ਾਦਾ ਨਾ ਕਰ ਗਲਾਂ ਜਾਨ ਨਾ
ਦੇਨਾ ਤੈਨੂੰ।।ਮੈਂਕੀ ਕਰਸਾਂਤੇਰੇ ਪਿਛੋਂ ਲਾਈ ਪਰੀਤ ਦਿਲੋ ਨੂੰ ॥ਓੜਕ
ਉਨ੍ਹਾਂ ਜੋਰੋ ਜੋਰੀ ਰਲਕੇ ਅਕਦ ਪੜਾਯਾ। ਇਹ ਭੀ ਲੜਕੀ ਉਹ ਭੀ
ਲੜਕੀ ਰਖੀਂ ਸ਼ਰਨ ਖੁਦਾਯਾ ॥ਉਸ ਲੜਕੀ ਨੂੰ ਹੈਗੀਸੀਇਕ ਸਾਯਾ
ਦੀ ਬੀਮਾਰੀ।।ਰੰਗ ਹੋ ਗਿਓ ਸੂ ਬਗਾ ਪੂਨੀ ਰੋਗ ਲਗਾ ਤਨ ਕਾਰੀ।
ਆਸ਼ਕ ਦਿਓ ਓਹਦੇ ਪਰ ਸੀ ਇਕ ਹਰ ਰਾਤੀ ਉਹ ਆਵੇ। ਮੇਵਾ
ਲਿਆਵੇ ਆਣ ਖੁਲਾਵੇ ਫੇਰ ਓਵੇਂ ਟੁਰ ਜਾਵੇ। ਡਰਦਾ ਉਸ ਦਿਆਂ
ਮਹਲਾਂ ਅੰਦਰ ਹੋਰ ਕੋਈ ਨਾ ਜਾਂਦਾ। ਉਨਾਂ ਜਾਤਾ ਇਹੋ ਕਰਸੀਦਾਰੂ
ਕੋਈ ਦੁਖਾਂ ਦਾ।ਦਿਲ ਖੁਰਸ਼ੈਦ ਜਦੋਂ ਏਹ ਸੁਣਿਆਂ ਜਾਨ ਗਮਾਂ ਵਿਚ
ਪਾਈ।।ਆਖੇ ਯਾ ਰਬ ਮੈਂ ਅਜ ਕਿਹੜੀ ਫਸੀਆਂ ਫਾਹੀ। ਕੀ ਤਕਦੀਰ
ਕਰਾਂ ਮੈਂ ਸਾਈਆਂ ਕੌਨ ਸੁਨੇ ਅਜ ਮੇਰੀ। ਏਥੇ ਪੇਸ਼ ਕੋਈ ਨਾ ਜਾਂਦੀ
ਆਨ ਗਮਾਂ ਨੇ ਘੇਰੀ ॥ ਓੜਕ ਨਾਲ ਵਜੀਰ ਸਿਆਣੇ ਇਹ ਸਲਾਹ
ਬਣਾਈ।।ਇਕ ਪੁਸ਼ਾਕ ਜਨਾਨੀ ਉਸ ਤੋਂ ਜਲਦੀ ਨਾਲ ਮੰਗਾਈ ॥
ਰਾਤਪਈ ਤੇ ਗੋਲੀਬਨਕੇ ਮਹਲਾਂਅੰਦਰ ਜਾਵੇ।ਜਿਥੇਪਲੰਘਸ਼ਾਹਜਾਦੀ
ਵਾਲਾ ਉਤੇਵਲ ਫੇਰਾ ਪਾਵੇ ॥ ਕੀ ਦੇਖਾਂਜਾਂਸਭੇ ਸਈਆਂ ਉਤੇਸੁਤੀਆਂ

ਪਈਆਂ ॥ ਪਾਲੋ ਪਾਲ ਪਲੰਘ ਉਪਰ ਆ ਕੇ ਉਹ ਸੌਂ ਰਹੀਆਂ ॥
ਇਹ ਭੀ ਜਾ ਕੇ ਉਨਾਂ ਵਿਚ ਸੌਂਦੀ ਚੋਰੀ ਚੋਰੀ ॥ ਬਾਝ ਖੁਦਾਵੰਦ ਐਸ ਗੱਲ ਦੀ ਖਬਰ ਕਿਸੇ ਨਾ ਹੋਰੀ ॥ ਅੱਧੀ ਰਾਤ ਹੋਈ ਤੇ ਵਗੀ ਤੱਤੀ ਲੋ ਚੁਫੇਰੇ ॥ ਨਜ਼ਰ ਪਿਆ ਇਕ ਦਿਓ ਖਲੋਤਾ ਸ਼ਾਹਜ਼ਾਦੀ ਦੇ ਨੇੜੇ । ਮੇਵੇ ਦੀ ਡਾਲੀ ਤੋੜਾ ਅਪਨੇ ਨਾਲ ਲਿਆਵੇ ॥ ਨਾਲ ਮੁਹੱਬਤ ਸ਼ਾਹਜ਼ਾਦੀ ਦੇ ਪਲੰਘ ਉਪਰ ਬੈਹ ਜਾਵੇ । ਚਲਾ ਗਿਆ ਜਾਂ ਦਿਓ ਹਰਾਮੀ ਸ਼ਾਹਜ਼ਾਦੀ ਸੌਂ ਜਾਵੇ ॥ ਦਿਲ ਖੁਰਸ਼ੈਦ ਵਿਚਾਰੀ ਭੀ ਹੁਣ ਇਥੋਂ ਫੁਰਸਤ ਪਾਂਦੀ ॥ ਓਹੋ ਡਾਲੀ ਸ਼ਾਹਜ਼ਾਦੀ ਦੇ ਪਲੰਘੋਂ ਜਾ ਉਠਾਵੇ । ਆਪਨੇ ਵਿਚ ਮਹਿਲ ਸ਼ਤਾਬੀ ਚੋਰੀ ਚੋਰੀ ਆਵੇ ॥ ਪਹਿਨ ਲਿਬਾਸ ਓਹੋ ਮਰਦਾਨਾ ਤੁਰਤ ਵਜ਼ੀਰ ਬੁਲਾਯਾ । ਤੇ ਕੁ ਭੇਦ ਉਸੇ ਨੂੰ ਅਪਨਾ ਪਰਦੇ ਨਾਲ ਸੁਨਾਯਾ ॥ ਜਾਂ ਅਗਲੇ ਦਿਨ ਮੁਹਲਾਂ ਅੰਦਰ ਰੋਟੀ ਖਾਵਨ ਜਾਵੇ ॥ ਲਿਆ ਵਜ਼ੀਰ ਸ਼ਤਾਬੀ ਮੇਵਾ ਮਾਰ ਅਵਾਜ਼ ਬੁਲਾਵੇ ॥ ਕਮਲਾ ਕਰਨ ਪਰੀ ਜੋ ਰਾਤੀ ਡਾਲੀ ਆਂਦੀ ਸਾਈ ॥ ਤੁਰਤ ਵਜ਼ੀਰ ਲਿਆਇਆ ਡਾਲੀ ਅਗੇ ਆਨ ਟਕਾਈ । ਦਿਲ ਖੁਰਸ਼ੈਦ ਗਜ਼ਬ ਵਿਚ ਆ ਕੇ ਡਾਲੀ ਬਾਹਰ ਵਗਾਈ ॥ ਕਮਲਾ ਕਰਨ ਪਰੀ ਅਜ ਰਾਤੀਂ ਕੀ ਕੁਝ ਮੇਵਾ ਲਿਆਈ ਇਹ ਗਲ ਸੁਣ ਕੇ ਸ਼ਾਹਜ਼ਾਦੀ ਨੂੰ ਦਿਲ ਵਿਚ ਗੁਸਾ ਆਵੇ ॥ ਇਹ ਕੀ ਦਿਓ ਹਰਾਮੀ ਸਾਨੂੰ ਮੇਵਾ ਰੋਜ ਖੁਲਾਵੇ । ਅਜ ਆਵੇ ਤਾਂ ਮਾਰੋ ਉਸਨੂੰ ਸਭ ਜਾਣੀਆਂ ਰਲ ਕੇ । ਤੌਬਾ ਤੌਬਾ ਕਰਾਓ ਐਸੀ ਫੇਰ ਨਾ ਲਿਆਵੇ ਭੁਲਕੇ ॥ ਓੜਕ ਨੂੰ ਇਹਨਾਂ ਸਭਨਾਂ ਸਈਆਂ ਬੈਹਕੇ ਮਤਾ ਪਕਾਯਾ ॥ ਜਿਸ ਵਕਤ ਉਹ ਆਇਆ ਹਰਾਮੀ। ਪੁਛੋ ਇਹ ਕੀ ਲਿਆਯਾ । ਜਿਸ ਵੇਲੇ ਉਹ ਆਇਆ ਹਰਾਮੀ ॥ ਰਲ ਮਿਲ ਸਈਆਂ ਸਭੇ । ਪੁਛੋਂ ਖਾਂ ਇਸ ਦਿਓ ਕੋਲੋਂ ਕਿਥੋਂ ਮੇਵਾ ਲਭੇ । ਉਸ ਨੂੰ ਕੁਝ ਜਵਾਬ ਨਾ ਆਇਆ ਹੋ ਹੈਰਾਨ ਖਲੋਇਆ । ਯਾ ਅਲਾ ਇਨ ਸਭਨਾ ਤਾਈਂ ਅਜ ਸ਼ੁਦਾਕੀ ਹੋਇਆ

ਜਾਣਾ ਦਿਲ ਖੁਰਸ਼ੈਦ ਕਾ ਪਰੀ ਬਨ ਕਰ ਪਰਸਤਾਨ ਮੈਂ ਤਮਾਸਾ ਦੇਖਣਾ

ਰਾਤ ਪੈਂਦੀ ਤੇ ਗੋਲੀ ਬਨਦੀ ਦਿਲ ਖੁਰਸ਼ੈਦ ਵਿਚਾਰੀ॥ਓਸੇ ਤਰ੍ਹਾਂ ਮਹੱਲੀਂ ਜਾਂਦੀ ਨਾਲ ਵਡੀ ਹੁਸ਼ਿਆਰੀ॥ ਅੱਧੀ ਰਾਤੀਂ ਓਸੇ ਵੇਲੇ ਓਹ ਦਾਨੂ ਸੀ ਆਇਆ। ਉਪਰ ਪਲੰਘ ਸਾਹਜਾਦੀ ਵਾਲੇ ਆ ਕੇ ਕਦਮ ਟਕਾਯਾ॥ ਗੁਸਾ ਆਇਆ ਸ਼ਾਹਜ਼ਾਦੀ ਨੂੰ ਸਈਆਂ ਸਭ ਜਗਾਈਆਂ ਸੱਠ ਸਹੇਲੀਆਂ ਨਾਲ ਸ਼ਤਾਬੀ ਜੁਤੀਆ ਲੈ ਕੇ ਆਈਆ। ਵਾਰੋ ਵਾਰੀ ਸਭਨਾਂ ਜਣੀਆਂ ਸੌ ਕੀਤੀ ਪੂਰੀ॥ ਕਿਥੋਂ ਮੇਵਾ ਲਿਆਵੇਂ ਜਾਲਮ ਸਾਨੂੰ ਨਾ ਮਨਜੂਰੀ॥ਕਮਲਾ ਕਰਨ ਪਰੀ ਜੋ ਆਖਨ ਖਸਮ ਮੇਰੇ ਕੋਲ ਆਵੇ॥ ਤੇ ਉਹ ਮੇਵਾ ਉਸ ਪਰੀ ਦਾ ਵਿਚ ਪਸੰਦਾਨਾ ਲਿਅਵੇ॥ਦਿਓ ਕਿਹਾ ਹੈ ਇਹ ਗਲ ਝੂਠੀ ਮੰਨਣ ਵਾਲੀ ਨਾਹੀਂ। ਕਮਲਾ ਕਰਨ ਪਰੀ ਨਹੀਂ ਹੋਈ ਆਸ਼ਕ ਕਿਤੇਂ ਕਦਾਈਂ। ਓਹ ਹੈ ਦੇਸ ਹਕੂਮਤ ਵਾਲੀ ਰਾਜ ਕਰੇ ਚੌਫੇਰੇ॥ਮੈਂ ਭੀ ਨੌਕਰ ਹਾਂ ਇਕ ਉਸਦਾ ਮੈਂ ਜੇਹੇ ਹੋਰ ਬਥੇਰੇ॥ ਓਹ ਹੈ ਬਾਦਸ਼ਾਹ ਦੀ ਜਾਈ ਬਾਹਰ ਕਿਤੇ ਨਹੀਂ ਜਾਂਦੀ॥ਅਠੀਂ ਦਿਨੀ ਤਮਾਸ਼ਾ ਘਰ ਵਿਚ ਖੁਸ਼ੀਆਂ ਨਾਲ ਕਰਾਂਦੀ॥ ਕਹੈ ਸ਼ਾਹਜ਼ਾਦੀ ਤਮਾਸ਼ਾ ਮੈਨੂੰ ਭੀ ਦਿਖਲਾਈਂ॥ਦਿਓ ਕਿਹਾ ਉਹ ਭਲਕੇ ਹੋਣਾ ਨਾਲ ਮੇਰੇ ਤੂੰ ਜਾਵੀ॥ ਭਲਕੇ ਮੁਜਰਾ ਪਰੀਆਂ ਸੰਦਾ ਤੈਨੂੰ ਚਲ ਦਿਖਲਾਵਾਂ॥ ਪਲੰਘ ਸਨੇ ਲੈ ਜਾਵਾਂ ਤੈਨੂੰ ਵਿਚ ਉਸ ਬਾਗ ਪੁਚਾਵਾਂ। ਜਾਂ ਉਹ ਦਿਓ ਗਿਆ ਤੁਰ ਇਥੋਂ ਇਹ ਸਲਾਹ ਬਨਾ ਕੇ। ਦਿਲ ਖੁਰਸ਼ੈਦ ਮਹੱਲੀ ਆਪਣੀ ਓਵੇਂ ਸ਼ੈਂਦੀ ਜਾਕੇ॥ਰਾਤ ਪਈ ਤੇ ਨਾਲ ਖੁਸ਼ੀ ਦੇ ਪਰਦੇ ਅੰਦਰ ਨ੍ਹਾਵੇ॥ਹਰੀ ਪੁਸ਼ਾਕ ਸੁਨੈਹਰੀ ਰਸਮਾ ਫੇਰ ਦਵਾਲੇ ਪਾਵੇ। ਹੀਰੇ ਲਾਲ ਜਵਾਹਰ ਜੜ ਕੇ ਆਪਨਾ ਆਪ ਸਜਾਵੇ। ਪੂਰੀ ਨੌ ਲਖ ਕੀਮਤ ਦਾ ਇਕ ਹਾਰ ਗਲੇ ਵਿਚ ਪਾਵੇ॥ ਸੋਹਣੇ ਮੁਖ ਮਨੋਹਰ ਉਪਰ ਤਾਜਾ ਹੁਸਨ ਚੜ੍ਹਾਵੇ॥ ਕਾਲੀਆ ਘਟਾ ਦੋਹਾਂ ਜੁਲਫੀ ਕੁੰਡਲਦਾਰ ਬਨਾਵੇ॥ ਕਦੀ ਕਦੀ ਮੂੰਹ ਬਿਜਲੀ ਵਾਂਗੂ ਘੁੰਡ ਵਿਚੋਂ ਦਿਸ ਆਵੇ॥ ਸੋਹਨਾ ਰੂਪ ਪਰੀ ਦਾ ਬਣਕੇ ਵਿਚ ਮਹਲਾਂ ਜਾਵੇ॥ ਸਬਜ਼ ਪਰੀ ਦਾ ਸਾਂਗ ਬਨਾਯਾ ਸਾਂਗ ਪਰੀ ਨੂੰ ਲਾਵੇ। ਐਸਾ ਭੇਸ ਬਨਾਯਾ ਉਸਨੇ ਵਿਚ ਪਛਾਨ ਨ ਆਵੇ। ਉਥੇ ਸਭੇ

ਸੁਤੀਆਂ ਪਈਆਂ ਹੋਸ਼ ਕਿਸੇਨੂੰਨਾਹੀ॥ਇਹ ਹੋਕੇ ਖੁਸ਼ੀ ਦਾ ਉਥੇਲੁਕਦੀ ਚਾਈਂ ਚਾਈਂ। ਸ਼ਾਹਜ਼ਾਦੀ ਦੇ ਹੇਠ ਪਲੰਘਉਹ ਪਾਵਾਂ ਫੜਕੇਬਹਿੰਦੀ॥ ਨਾ ਡੋਲੇ ਨਾ ਹਿਲੇ ਜਰਾ ਉਚੀ ਸ ਹ ਨਾ ਲੈਂਦੀ॥ ਅਧੀ ਰਾਤ ਪਈ ਤੇ ਉਹ ਦੇਉ ਹਰਾਮੀ ਆਵੇਆਂਦਿਆਂ ਹੀ ਸ਼ਾਹਜਾਈ ਦਾ ਜਲਦੀ ਪਲੰਘ ਉਠਾਵੇਕਮਲਾ ਕਰਨ ਪਰੀ ਦੇ ਵਿਚ ਬਗੀਚੇ ਜਾ ਬਹਾਵੇ॥ ਦਿਲ ਖੁਰਸ਼ੈਦ ਭੀ ਪਾਂਵਾ ਫੜਕੇ ਚਰੀ ਚੋਰੀ ਜਾਵੇ॥ ਓਥੇ ਜਾਂਕੇ ਪਰੀਆਂ ਦੇ ਵਿਚ ਇਹ ਭੀ ਰਲ ਮਿਲ ਜਾਵੇ॥ ਸਾਰੰਗੀ ਲੈਕੇ ਇਕ ਦੇਵ ਥੋਂ ਖੁਸ਼ੀ ਦੇ ਨਾਲ ਬਜਾਵੇ॥ ਖਬਰ ਨਹੀਂ ਉਹ ਹੁਸਨ ਅਜੇਹਾ ਕਿਥੋਂ ਫੇਰ ਲਿਆਈ॥ ਬਨਕੇ ਪਰੀ ਫਿਰੀ ਵਿਚ ਪਰੀਖਾਂ ਕਿਸੇ ਪਛਾਨ ਨਾ ਆਈ॥ ਵਜ਼ਨ ਸਾਜ਼ ਤੰਬੂਰੇ ਢੋਲਕ ਰੰਗ ਬਰੰਗੀ ਤੁਰੀਆਂ॥ ਇਕ ਦਰਗਾਵਨ ਨਜ਼ਰ ਉਠਾਵਨ ਤਾਲ ਵਖਾਵਨ ਪਰੀਆਂ॥ ਦਿਲ ਖੁਰਸ਼ੈਦ ਵਜਾਵੇ ਸਾਰੰਗ ਗਾਵੇ ਨਾਲ ਹਿਜਰ ਦੇ। ਪੜਦੀ ਸ਼ੇਹਰ ਵਿਛੋੜੇ ਵਾਲੇ ਤੋੜ ਜੰਜੀਰ ਸਬਰ ਦੇ॥ ਗਜ਼ਲ ਗਮਾਂ ਦੀ ਦਰਦ ਦਿਲੇ ਨੂੰ ਇਕ ਆਹੀ ਨਾਲ ਸੁਨਾਵੇ॥ ਰੋਰੋਆਖੇ ਯਾ ਰਬ ਕੇਹੜਾ ਮੇਰੀ ਆਸ ਪੁਜਾਵੇ।ਕੌਣ ਮਾਰੇ ਗਮ ਖਵਾਈ ਤੇ ਗਮ ਵਿਚੋਂ ਜਾਨ ਛੁਡਾਈ॥ ਜਾਨ ਹਿਜਰ ਨੇ ਮਾਰ ਮੁਕਾਈ ਦਰਦ ਅਜੇ ਨਹੀਂ ਜਾਵੇ॥ਸਾਸ ਲਬਾਂ ਪਰਖਲੋਉਡੀਕਣ ਯਾਰ ਕਿਉਂਨਾ ਆਵੇ॥ਕੌਣ ਸੁਣੇ ਫਰਿਆਦ ਤੇਰੀ ਹੁਣ ਦਰਦ ਦਿਲਾਂ ਦੇ ਹਾਵੇ॥ਜ਼ਾਲਮ ਇਸ਼ਕ ਤੇਰਾ ਦਿਲਬਰ ਨਿਤ ਹਡਾਂ ਨੂੰ ਖਾਵੇ। ਮੈਂ ਤਤੀ ਦੀਆਂ ਸੁਣ ਫਰਿਆਦਾਂ ਕੇਹੜਾ ਅੱਗ ਬੁਝਾਵੇ॥ਫੂਕ ਦਿਤਾ ਤਨ ਇਸ਼ਕ ਤੇਰੇ ਦੇ ਵਾਂਗ ਤੰਦੂਰ ਤਪਾਵੇ ਤੇਰੇ ਬਾਝ ਦੀਦਾਰ ਪਿਆਰੇਹੋਰ ਨਹੀਂ ਕੁਝ ਭਾਵੇ॥ ਵੰਡਾਂ ਦਰਦ ਦਿਲਾਂਦੇ ਸਾਰੇਜੋ ਰਬ ਯਾਰਮਿਲਾਵੇ॥ ਆ ਮਿਲ ਸਯਦਰਹੀਮ ਬਖਸ਼ ਨੂੰ ਸਬਰ ਦਿਲੇ ਵਿਚ ਆਵੇ। ਓੜਕ ਰੋ ਰੋ ਦਰਦਗਮਾਂਦਾਹਾਲਸੁਨਾਵਨਲਗੀ॥ਕੁਲ ਅਖਾੜੇ ਨੂੰ ਤੜਫਾਯਾ ਖੂਬ ਰੁਲਾਵਨ ਲੱਗੀ। ਕਮਲਾ ਕਰਨ ਪਰੀ ਖੁਸ਼ੀ ਹੋਕੇ ਉਸ ਨੂੰਪਾਸ ਬੁਲਾਵੇ। ਦੇ ਇਨਾਮ ਦੁਪੱਟਾ ਅਪਨਾ ਕੀਮਤ ਦਾਰ ਫੜਾਵੇ॥ ਤੂੰ ਐ ਸਬਜ ਪਰੀ ਅਜ ਸਾਨੂੰ ਬਹੁਤ ਖੁਸ਼ੀ ਵਿਖਲਾਹੀ॥ ਜਾ ਹੁਣ ਵੈਠ ਤੇਰੇ

ਭੌਂਵਾਰੀ ਲਾਲਖਰੀਦੀਆਈ। ਲਾਲਪਰੀ ਉਠ ਗਾਵਨਲੱਗੀ ਸੁਹਣੇ ਤਾਲ ਉਠਾਕੇ।ਦਿਲਖੁਰਸ਼ੈਦ ਅਖਾੜੇ ਵਿਚੋਂ ਬਾਹਰਦੇ ਵਲ ਜਾਵੇ।ਦੇਖ ਰਹੀਮਬਖਸ਼ ਇਹ ਲੜਕੀ ਮਰਨੋਂ ਮੂਲ ਨ ਡਰਦੀ। ਟਹਿਲਣ ਲਗੀ ਵਿਚ ਬਗੀਚੇ ਸੈਰ ਚੁਫੇਰੇ ਕਰਦੀ।

ਖ਼ਿਲਣਾਦਿਲਖੁਰਸ਼ੈਦਕਾ ਨੂਰਜਮਾਲ ਔਰ ਸ਼ਾਹਜ਼ਾਦ: ਦਿਲਖੁਰਮਕੋਔਰਉਨਕੋ ਹਮਰਾਲਾਣਾਂ

ਕੇਲਿਆਂਦੇਵਿਚਕਾਰ ਖਲੋਤੀਡਿਠੀਇਕ ਜਨਾਨੀ।ਹੌਲੇ ਤਮਾਸ਼ਾ ਵੇਖੇ ਪਰਦੇ ਨਾਲਵਖਾਣੀ। ਸਬਜ਼ਪਰੀਨੂੰਦੇਖਸ਼ਹਿਜ਼ਾਦੀਕੰਬਨਲਗੀ ਡਰਕੇ। ਦਿਲ ਖੁਰਸ਼ੈਦ ਕਹੇਨਾਡਰਤੂੰ ਬੈਠ ਤਸੱਲੀ ਕਰਕੇ। ਮੈਂਹਾਂਤੇਰੇ ਜਹੀਜਨਾਨੀ ਨਸਲਪਰੀ ਦੀਨਾਹੀਂ।ਐ ਸ਼ਾਹਜ਼ਾਦੀ ਮੇਰੇਕੋਲੋਂ ਡਰਦੀ ਨਸ ਨਾ ਜਾਈਂ। ਕੌਲਕੋਈ ਤੂੰਕਿਥੇਵਸੇਂਦੱਸਹਕੀਕਤ ਸਾਰੀ।ਕੀਕਨ ਆਯੋਂਕੀਤੀ ਕਿਤਵਲ ਤਿਆਰੀ।ਰੋਰੋ ਕਿਹਾ ਉਸ ਲੜਕੀਮੈਂਸ਼ਾਹਾਂਦੀ ਜਾਈ।ਕਾਬੂ ਵਿਚਜਵਾਲ ਦਿਓ ਦੇ ਕੋਹ ਕਾਰਵਿਚ ਆਈ। ਏਥੇਅਜ ਤਮਾਸ਼ਾ ਦੇਖਣ ਉਹਸੀ ਆਯਾ। ਮੈਨੂੰਭੀ ਅੱਜਨਾਲ ਮੁਹੱਬਤ ਆਪਣੇ ਨਾਲ ਲਿਆਯਾ। ਦਿਲਖੁ ਰਸ਼ੈਦ ਕਹੇ ਇਕਤੇਰੇ ਪਾਸ ਰਹੇਸ਼ਾਹਜ਼ਾਦਾ ਉਸਨੂੰ ਢੂੰਡਨ ਆਈ ਹਾਂ ਮੈਂ ਕਰਕੇ ਘਰੋਂ ਇਰਾਦਾ ਨੂਰਜਮਾਲਉਸ ਡੱਬੀ ਵਿਚੋਂ ਮੱਖੀ ਕੱਢ ਦਿਖਾਵੇ।ਮੰਤਰ ਪੜ੍ਹਕੇ ਸ਼ਾਹਜ਼ਾਦੇਨੂੰ ਆਦਮ ਰੂਪ ਬਣਾਵੇ। ਮਿਲਹੀ ਉਠ ਸ਼ ਹਜ਼ਾਦੇ ਤਾਈਂ ਗਮਨਾ ਰਿਹਾ ਕਾਈ ਏਹ ਹਸੇ ਉਹ ਰੋ ਰੋ ਉਸਤੋਂ ਘਰਦਾ ਹਾਲ ਪੁਛਾਵੇ।ਅਲ ਫੋਂਯੇਤਕਜੋ ਸਿਰਵਰਤੀ ਦਿਲਖੁਰਸ਼ੈਦ ਸੁਨਾਵੇ ਕਹਿੰਦੀਭੈਣਾਏਹਸ਼ਾਹਜ਼ਾਦਾਬਖਸ਼ ਅਸਾਡੇ ਤਾਈਂ। ਓਹ ਆਹੇ ਇਹ ਜਾਨ ਮੇਰੀ ਹਰ ਗਿਜ਼ ਦੇਸਾਂਨਾਹੀਂ ਜਿਧਰ ਜਾਵੇਗਾ ਏਹ ਮੈਂਭੀ ਨਾਲੇ ਇਸਦੇਜਾਵਾਂ। ਪਰੀਆਖੇਓਹਜਗਾ ਥੋੜੀ ਕਿਉਂ ਕਰ ਤਿੰਨ ਬਹਾਵਾਂ। ਨੂਰ ਜਮਾਲ ਪਰੀ ਓਹੋ ਮੰਤਰ ਚਾ ਸਖਾਵੇ।ਪਰੀ ਦੋਹਾਂਨੂੰ ਪੜ੍ਹਕੇ ਮੰਤਰ ਮੱਖੀਸ਼ਕਲਬਨਾਵੇ।ਡੱਬੀਦੇ ਵਿਚ ਪਾ ਚਕਾਵੇ ਹੇਠ ਪਲੰਘ ਦੇ ਜਾਵੇ। ਹੁਣ ਉਹ ਮੁਜ਼ਰਾ ਉਠਨ ਲੱਗਾ ਸਾਹਜ਼ਾਦੀ ਭੀ ਆਵੇ। ਉਪਰ ਪਲੰਘ ਬਹਾਕੇਉਸਨੂੰਓਹੋਦਿਓ ਉਠਾਵੇ ਰਾਤੋਂ ਰਾਤੀਸ਼ਾਹਜ਼ਾਦੀਨੂੰ ਮਹਿਲਾਂਵਿਚ ਪਹੁੰਚਾਵੇ।ਦਿਲਖੁਰਸ਼ੈਦਹੋਈ

ਵਡੀ ਖੁਸ਼ੀ ਉਠਗਏ ਗਮ ਸਾਰੇ।ਜਾਕੇਘਰ ਵਿਚ ਪਰੀਆਂਵਾਲੀਕੁਲ ਪੁਸ਼ਾਕ ਉਤਾਰੇ। ਉਹਨਾਂ ਦੋਹਾਂ ਤਾਈਂ ਆਦਮ ਰੂਪ ਬਨਾਵੇ। ਖ਼ੂਬ ਨਲ੍ਹਾਵੇਅਤਰ ਲਗਾਵੇਨਵੀਂ ਪੁਸ਼ਾਕ ਪੈਹਨਾਵੇ।ਖੁਸ਼ੀਆਂਵਿਚਬਹਾਰਾਂ ਉਹਨੇ ਸਾਰੀਰਾਤ ਲੰਘਾਈ। ਫਜਰਹੋਈ ਤੇਉਸ ਸ਼ਾਹਜ਼ਾਦੀ ਦੇ ਵਲ ਜਾਂਚੀ ਸਾਈ। ਨਾਲ ਮੁਹੱਬਤ ਕਹਿੰਦੀ ਉਸਨੂੰ ਅੱਲਾ ਆਸਪੁਜਾਈ ਜਿਸਮਤਲਬਨੂੰ ਆਈਸਾਂਮੈਂਕੀਤੀ ਰੱਬਰਿਹਾਈ।ਸ਼ਾਹਜ਼ਾਦੇ ਨੂੰਕਹਿੰਦੀ ਜਾਕੇਮੈਂ ਹੁਣਘਰ ਵਲਜਾਣਾ।ਦੇਹਇਜਾਜਤ ਮੈਨੂੰਜਲਦੀ ਨਾਕਰਜੋਰ ਧਿਗਾਣਾ।ਸਾਹਕਹੇ ਜਾ ਮਰਜੀ ਤੇਰੀ ਮੇਰਾ ਜੋਰ ਨਾ ਕੋਈ।ਜਾਵਤਨ ਵਲ ਜੇਕਰਤੇਰੀ ਪੱਕੀ ਨੀਯਤ ਹੋਈ।ਹੁਣ ਇਹ ਉਠ ਫਜ਼ਰ ਦੇ ਵੇਲੇ ਕਰਦੀਕੂਚਤਿਆਰੀ।ਸ਼ਹਿਨਸ਼ਾਹਨੇ ਰੁਖਸਤ ਕੀਤੀ ਨਾਲੇਧੀਪਿਆਰੀ ਘੋੜੇ ਜੋੜਲਸ਼ਕਰ ਫੌਜਾਂਦਿਤਾ ਨਾਲਖਜਾਨਾ।ਦੇਕੇਦਾਜ ਸ਼ਹਿਜ਼ਾਦੀਨੂੰ ਓਹਕਰਦਾ ਆਪਰਵਾਨਾ।ਇਕ ਗੱਡਬੈਲਉਤੇ ਬਠਲਾਯਾ।ਸ਼ਾਹਜ਼ਾਦੀ ਦੇ ਤਾਈ। ਨੂਰ ਜਮਾਲ ਦੂਜੀ ਦੇ ਉਤੇ ਬਹਿੰਦੀ ਚਾਈਂ ਚਾਈਂ।

ਦੇਓ ਨੇ ਸ਼ਾਹਜ਼ਾਦੀ ਨੂੰ ਸਮੇਤ ਲਾ ਕਰ ਦੇ ਕਾਬੂ ਕਰਨਾ

ਪਹਿਲੀ ਰਾਤਆਈ ਵਿਚਜੰਗਲ ਓਥੇ ਤੰਬੂ ਲਾਏ। ਕੁਲ ਸਿਪਾਈ ਗਿਰਦੇਬਗਿਰਦੇ ਪਹਿਰੇਦਾਰ ਬਹਾਏ। ਅੱਧੀਰਾਤ ਹੋਈਤਾਂ ਓਹੋਦੇਓ ਹਰਾਮੀਆਇਆ।ਆਂਵਦਿਆਂ ਹੀਡੇਰੇਅੰਦਰ ਉਸਫਸਾਦ ਮਚਾਇਆ ਆਖੇਸਭ ਹਲਾਕ ਕਰਾਂਗਾ ਜੀਨਾਂਛੱਡਾਂ ਕੋਈ। ਚੋਰੀ ਚੋਰੀਕਿੱਧਰਨੂੰਤੂੰ ਉਨ ਰਵਾਨਾਹੋਈ।ਡਰਕੇਲੋਕੀ ਕੰਬਨ ਲਗੇ ਉਸਦੇ ਕੋਲੋਂਸਾਰੇ ਹੁਣ ਇਹਮੂਲਾ ਨਾਜਿੰਦਾਛਡੇ ਸਾਰੇਚੁਣ ਚੁਣਮਾਰੇ। ਨੂਰਜਮਾਲਉਠੀਕਰ ਹੀਲਾ ਮੰਤਰੇ ਫੂਕ ਚਲਾਵੇ। ਜਾਦੂ ਦੇ ਓਹ ਜੋਰ ਦਿਓ ਮੱਖੀ ਸ਼ਕਲ ਬਨਾਵੇ। ਫੜਕੇ ਮੱਖੀਨਾਲ ਸ਼ਤਾਬੀ ਚੁਲੇ ਦੇ ਵਿਚ ਪਾਈ। ਖੁਸ਼ੀਆਂ ਹੋਈਆਂ ਡੇਰੇ ਅੰਦਰ ਅੱਲਾਜਾਨ ਬਚਾਈ। ਰਾਤਗੁਜਰੀ ਦਿਨਚੜਦੇ ਨੂੰ ਕੀਤੀ ਫੇਰਤਿਆਰੀ।ਗਿਰਦ ਬਗਿਰਦ ਫੌਜਾਂ ਜਾਵਨਨਾਲ ਵਡੀ ਹੁਸ਼ਿਆਰੀ। ਦਿਨ ਤੇਰਾਤ ਨਾਲਖੁਸ਼ੀ ਦੇਸਭੇ ਟੁਰਦੇ ਜਾਵਨ।ਜੰਗਲ ਦੇ ਵਿਚ ਰਾਤ ਗੁਜਾਰਨ ਫਜਰੇ ਉਠ ਸਧਾਵਨ।

ਜਵਾਲ ਦੇਓ ਦਾ ਆਉਣਾ ਅਤੇ ਫਕੀਰ ਨੇ ਉਨ੍ਹਾਂ ਨੂੰ ਬਚਾਉਣਾ

ਇਕ ਦਿਨ ਇਨ੍ਹਾਂ ਜੰਗਲ ਅੰਦਰਡੇਰਾ ਲਾਯਾਸਾਈ। ਅੱਚਨਚੇਤ ਗਜਬਦੀ ਕਿਧਰੇਲਾਲ ਹਨੇਰੀਆਈ। ਪੱਥਰਗੋਲੇ ਢੀਮਾਂਵੱਜਨਸ਼ੂਕਰ ਪਈ ਚੁਫੇਰੇ। ਨੱਸਗਿਆ ਸਭਲਸ਼ਕਰ ਜਵਾਲ ਦੇਓ ਦਾਮਾਰੇ ਨਾਲ ਖੁਆਰੀ। ਚਾਰਜਣੇ ਅਕੱਠੇ ਹੋਕੇ ਇਕਦਰ ਨਸੇਜਾਵਨ। ਅਗੇਖੁੰਦਰ ਨਜ਼ਰ ਪਈਇਕ ਉਥੇਜਾਨ ਬਚਾਵਨ।ਦਿਲਖੁਰਸ਼ੈਦ ਗਈਜਾਂ ਅੰਦਰ ਅਗੇਗਾਰਪੁਰਾਨੀ।ਕਮਾਲਵਲੀ ਡਿਠਾਇਕਬੈਠਾਅੰਦਰਯਾਦਰੁਬਾਨੀ ਦਿਲ ਖੁਰਸ਼ੈਦ ਪਛਾਤਾ ਉਸਨੂੰ ਉਹੋ ਬਜ਼ੁਰਗ ਸਾਈਂ। ਪਹਿਲੇਦਿਨ ਜਿਸ ਨਾਗਨਪਾਸੋਂ ਉਸਦੀਜਾਨ ਬਚਾਈ। ਵਲੀ ਕਿਹਾ ਐਜੋਗਨਤੂੰ ਅਜ ਕਿਥੋਂਕਾਬੂਆਈ। ਅਗੇਜੋ ਨਕਸ਼ਦਿਤਾ ਸੀਤੈਨੂੰ ਕਿਥੋਦਸਗਿਆ ਈ।ਜੋਗਨਆਖ ਡੁਬਗ਼ਿਆਸੀ ਤਾਂਤਕਲੀਫ ਉਠਾਈ। ਅਜ ਬਚਾਓ ਜੀ ਇਕਜਾਲਮ ਮੇਰੇਮਗਰ ਪਿਆਈ। ਕਿਹਾਫਕੀਰ ਬੁਲਾਕੇ ਉਸਨੂੰ ਐ ਜਵਾਲ ਹਰਾਮੀ। ਕਿਉਂ ਤੂੰ ਏਸਬਿਚਾਰੀ ਤਾਈਂਪਾਈਬੇਅਰਾਮੀ ਦਿਓ ਕਿਹਾਜੀ ਭੁਲਗਿਆ ਮੈਂ ਬਖਸ਼ੋ ਐਬ ਗੁਨਾਹੀਂ। ਕਸਮ ਮੈਨੂੰ ਸੁਲੇਮਾਨਨਬੀਦੀ ਨਾਂਛੇੜਾਂ ਉਸਤਾਈਂ। ਵਲੀਕਿਹਾ ਐ ਦਿਓ ਇਨਾਂ ਨੂੰ ਵਤਨ ਪੁਚਾ ਸ਼ਤਾਬੀ।ਯਾਦ ਰੱਖੀਂ ਏਹ ਰੰਜ ਹੋਈ ਤੇ ਮਾਰੂੰ ਨਾਲ ਖਰਾਬੀ। ਤਾਂ ਉਸ ਦੇਓ ਓਨ੍ਹਾਂ ਚੌਹਾਂ ਨੂੰਜਲਦੀ ਨਾਲ ਉਠਾਯਾ।ਰੂਮ ਵਲਾਇਤ ਅੰਦਰਜਾਕੇ ਅਮਨ ਅਮਾਨ ਬਹਾਯਾ।

ਘਰ ਜਾਣਾਂ ਸ਼ਾਹਜ਼ਾਦੇ ਦਿਲ ਖੁਰਮ ਕਾ ਔਰ ਅਕਦ ਹੋਣਾਂ ਦਿਲ ਖੁਰਸ਼ੈਦ ਔਰ ਦੋਨੋ. ਸ਼ਾਹਜਾਦੀਓਂ ਕਾ ਦਿਲ ਖੁਰਮ ਸੇ

ਖਬਰ ਹੋਈ ਵਿਚ ਸ਼ਹਿਰ ਤਮਾਮੀ ਅਜ ਸ਼ਾਹਜ਼ਾਦਾ ਆਯਾ। ਘਰ ਘਰਅੰਦਰਖੁਸ਼ੀਆਂਹੋਈਆਂਅੱਲਾਦਰਦ ਗਵਾਯਾ।ਦਿਲਖੁਰਸ਼ੈਦਮਿਲੇ ਜਾ ਆਪਣੇ ਮਾਂਪਿਓ ਭਾਈਆਂਤਾਈਂ। ਸਈਆਂਦੇਵਿਚ ਰਲਕੇਬਹਿੰਦੇ ਨਾਲਖੁਸ਼ੀ ਦਿਲਆਈਂ। ਰਲਮਿਲ ਕੁਲ ਅਮੀਰ ਵਜੀਰਾਂ ਏਹ ਸਲਾਹ ਬਨਾਈ।ਚਾਹੀਏਦਿਲਖੁਰਸ਼ੈਦ ਇਸਸ਼ਾਹਜ਼ਾਦੇ ਨਾਲਵਿਆਹੀ।ਓੜਕ ਰਸਮ ਸ਼ਹਾਨਾ ਕਰਕੇ ਉਨ੍ਹਾਂਅਕਦ ਕਮਾਯਾ। ਦਿਲ ਖੁਰਸ਼ੈਦਤੇਦਿਲ ਖੁਰਮ ਨੂੰ ਖੁਸ਼ੀਆਂਨਾਲ ਵਿਆਯਾ।ਉਨ੍ਹਾਂ ਦੋਹਾਂ ਨਾਲ ਸ਼ਾਹਜ਼ਾਦੇਫੇਰ

ਨਕਾਹ ਪੜਾਯਾ ਤਿੰਨਾਂਨੂੰ ਵਿਚਤਿੰਨਾਂ ਮਹਿਲਾਂ ਖੁਸ਼ੀਆਂ ਨਾਲ ਪੁਚਾਯਾ ਦੇਖ ਰਹੀਮ ਬਖਸ਼ ਰੱਬ ਸਿਦਕੋਂ ਕਿਉਂਕਰ ਪਾਰ ਲੰਘਾਵੇ। ਰੰਜ ਲਗਾਵੈ ਦੁਖ ਦੁਖਾਵੇ ਓੜਕ ਆਸ ਪੁਜਾਵੇ ਐਪਰ ਐਥੇ ਬੇਸਬਰਾਂ ਦਾ ਕੁਝ ਨਾ ਚਲੇ ਤਵੱਕਲ ਰੱਬ ਦੀ ਕੰਮ ਕਿਤੇ ਵਲ ਜਾਵੇ। ਇਨਸ਼ਾਅੱਲਾ ਉਹੋ ਬੰਦਾ ਜਲਦ ਮੁਰਾਦਾਂ ਪਾਵੇ। ਬਸ ਰਹੀਮ ਬਖਸ਼ ਹੁਣ ਇਥੇ ਪੂਰੀ ਹੋਈ ਕਹਾਣੀ। ਕਿੱਸੇ ਦਿਲ ਖੁਰਸ਼ੈਦ ਰਹੇਗਾ ਤੇਰੇ ਬਾਦ ਨਿਸ਼ਾਨੀ। (ਪਤਾ ਸ਼ਾਇਰ)

ਰਾਵੀ ਕੰਡੇ ਪਿੰਡ ਅਸਾਡਾ ਦਾਓਦ ਸ਼ਹਿਰ ਪੁਰਾਣਾ। ਓਹੋ ਵਤਨ ਪਿਆਰਾ ਸਾਡਾ ਓਹੋ ਦੇਸ ਟਕਾਨਾ। ਰਈਏ ਦੀ ਤਹਸੀਲ ਕਦੀਮੀ ਜ਼ਿਲਾ ਸਿਆਲਕੋਟ ਕਹਾਵੇ। ਜੇਭੇਜੋ ਤੇ ਖਤ ਅਸਾਂਨੂੰ ਇਸ ਪਤੇ ਪਰ ਆਵੇ। ਕਾਜੀ ਕੌਮ ਉਲਮਾਵਾਂ ਵਾਲੀ ਮੀਆਂ ਜਜ਼ ਦੀ ਜਾਤੀ। ਕੰਮ ਕਰਾਂ ਮੈਂ ਰਾਜਾਂ ਵਾਲਾ ਵਰਸਾਂ ਬਹੁਤ ਪੁਰਾਤੀ। ਨਮੈਂ ਆਲਮ ਸ਼ਾਇਰ ਸ਼ੇਰ ਬਨਾਵਨ ਵਾ ਸ਼ਾਇਰ ਬਨਨਾ ਸੁਣ ਐ ਯਾਰਾ ਨਾ ਕੰਮ ਸੁਖਾਲਾ। ਸ਼ੇਅਰ ਬਨਾਵਨ ਮਰ ਖਪਾਵਨ ਜਾਨ ਜਲਾਵਨ ਹੁੰਦਾ। ਫਿਕਰ ਦਲੀਲਾਂ ਨਿਤ ਸਿਰੇ ਤੇ ਭ ਉਠਾਵਨ ਹੁੰਦਾ। ਨਾਚੀਜ਼ ਨਕਾਰਾ ਆਜਜ਼ ਵਲ ਨਹੀਂ ਕੁਝ ਮੈਨੂੰ ਸ਼ਾਇ ਹਰਗਿਜ਼ ਨਹੀਂ ਲਿਆਵਣ ਖਾਤਰ ਵਿਚ ਕਿਸੇ ਨੂੰ। ਸ਼ਾਇਰ ਤੇ ਜਤ ਬੀਅ ਵਾਲੇ ਸਾਰੇ ਯਾਦ ਰਬੇ ਨੂੰ। ਨਾਮ ਨਹੀਂ ਮਲੂਮ ਉਨਾਂ ਦੇ ਨਾ ਮੈਨੂੰ ਨਾਤੈ ਸ਼ਾਇਰ ਸ਼ੇਖ ਸ਼ਾਦੀ ਦੇ ਤਾਈਂ ਚੰਗੇ ਜਾਨਣ ਸਾਰੇ। ਵਿਚ ਗੁਲਿਸਤਾਂ ਸ਼ੇਅ ਜਿਨਾਂ ਦੇ ਲਾਲਾਂ ਵਾਂਗ ਖਲਾਰੇ। ਫਿਰ ਅਗੇ ਫਿਰਦੇਸੀ ਹੋਇਆ ਸ਼ਾਹਨਾ ਦਾ ਬਾਨੀ। ਫਾਰਸੀ ਅੰਦਰ ਸ਼ੇਅਰ ਜਿਨ੍ਹਾਂ ਦੇ ਬਹੁਤੇ ਅਜਬ ਲਾਸਾਨੀ। ਵਿ ਪੰਜਾਬੀ ਸ਼ਾਇਰ ਹੋਯਾ ਵਾਰਸ ਸ਼ਾਹ ਸਿਆਨਾ। ਦੂਜਾ ਹਾਸ਼ਮ ਸ਼ਾਹ ਗਿਆ ਹੈ ਕਾਮਲ ਮਰਦ ਦਿਆਨਾ। ਅਮਾਮ ਬਖਸ਼ੀਸ਼ ਨਾਨਾ ਮੇਰਾ ਅੰਦਰ ਪਸੀਆਂ ਸ਼ਵਾਲੇ। ਗੁਜਰ ਗਿਆ ਉਹ ਮੈਥੋਂ ਪਹਿਲੇ ਡਿਠਾ ਨਹੀਂ ਸੰਭਾਲੇ। ਮੈਨੂੰ ਬਖਸ਼ ਖੁਦਾਵੰਦ ਸਾਈਆਂ ਮੈਂ ਨਾਚੀਜ਼ ਗੁਨਾਹੀ। ਰਹੀਮ ਬਖਸ਼ ਨੂੰ ਇਤੇ ਉਥੋਂ ਫਜ਼ਲਾਂ ਨਾਲ ਪਹੁੰਚਾਈ ॥ -ঃਇਤਿঃ-

ਨਵਜੋਤ ਪ੍ਰਿੰਟਿੰਗ ਪਰੈਸ ਅਮ੍ਰਿਤਸਰ ਵਿਚ ਛਪਿਆ

ਨਕਾਹ ਪੜ੍ਹਾਯਾ ਤਿੰਨਾਂਨੂੰ ਵਿਚਤਿੰਨਾਂ ਮਹਿਲਾਂਖੁਸ਼ੀਆਂਨਾਲਪੁਚਾਯਾ ਦੇਖਰਹੀਮਬਖਸ਼ ਰੱਬਸਿਦਕੋਂ ਕਿਉਂਕਰਪਾਰ ਲੰਘਾਵੇ। ਰੰਜ ਲਗਾਵੇ ਦੁਖ ਦੁਖਾਵੇਓੜਕਆਸ ਪੁਜਾਵੇਐਪਰਐਥੇਬੇਸਬਰਾਂਦਾ ਕੁਝਨਾਚਲੇ ਤਵੱਕਲਰੱਬਦੀ ਕੰਮਕਿਤੇ ਵਲਜਾਵੇ।ਇਨਸ਼ਾਅੱਲਾ ਉਹੋਬੰਦਾ ਜਲਦ ਮੁਰਾਦਾਂ ਪਾਵੇ। ਬਸਰਹੀਮ ਬਖਸ਼ਹੁਣ ਇਥੋਂਪੂਰੀ ਹੋਈਕਹਾਣੀ।ਕਿੱਸੇ ਦਿਲ ਖੁਰਸ਼ੈਦ ਰਹੇਗਾ ਤੇਰੇ ਬਾਦ ਨਿਸ਼ਾਨੀ । (ਪਤਾ ਸ਼ਾਇਰ)

ਰਾਵੀ ਕੰਡੇ ਪਿੰਡ ਅਸਾਡਾ ਦਾਓਦ ਸ਼ਹਿਰ ਪੁਰਾਣਾ। ਓ‐ ਪਿਆਰਾਸਾਡਾਓਹੋਦੇਸਟਕਾਨਾ। ਰਈਏਦੀ ਤਹ‐ ਸਿਆਲਕੋਟ ਕਹਾਵੇ ਜੇਭੇਜੋਤੇ ਖਤ‐ ਕੌਮਉਲਮਾਵਾਂਵਾਲੀ ਮੈਂ‐ ਵਰਸਾਂ ਬਹੁਤਪੁਰਾਤੀ‐ ਸ਼ਾਇਰਬਨ‐ ਮਾਪਾਵ‐

	‐੭੫		
		‐ਥਰ ਤੇ ਲੀਕ	੪-੫੦
	‐੦੦	ਸੁੰਦਰਤਾ ਦੀ ਦੇਵੀ	੨-੫੦
	੩-੦੦	ਉਡੀਕ ਦਾ ਅੰਤ	੩-੦੦
	੩-੦੦	ਵਿਸਾਹਘਾਤ	੬-੦੦
‐ਪੁਜਾ‐	੫-੦੦	ਜੋਤ ਜਗਦੀ ਰਹੀ	੪-੦੦
‐ਪੁਜਾਰਨ	੫-‐	ਫੜਕਦਾ ਪੰਛੀ	੭-੦੦

ਧਾਰਮਿਕ ਕਵਿਤਾ

ਅਰਸ਼ੀ ਚਾਨਣ	੩-੫੦	ਸ਼ਹੀਦੀ ਜੋਤਾਂ	੪-੫੦	ਸ਼ਹਿਨਸ਼ਾਹੀਆਂ	੩-੭੫
ਲਹੂ ਦੀਆਂ ਲਹਿਰਾਂ	੩-੦੦	ਨਿਰਛਲ ਲਹਿਰਾਂ	੩-੦੦		
ਪਰਮਾ‐	੨-੫੦	ਉਪਕਾਰ ਦਰਸ਼ਨ	੪-੦੦		

ਸਾਹਿਤਕ ਕਵਿਤਾ

ਬੇਪ੍ਰਵਾਹੀਆਂ	੪-੦੦	ਝੁਕੀਆਂ ਪਲਕਾਂ	੪-੦੦
ਦਿਲ ਬੋਲ ਪਿਆ	੩-੭੫	ਪੰਜਾਬਣਾਂ ਦੇ ਰੰਗੀਲੇ ਗੀਤ	੪-੦੦

ਆਮ ਵਾਕਫ਼ੀ

ਸਿਹਤ ਖ਼ੁਰਾਕ ਤੇ ਸੁੰਦਰਤਾ	੪-੫੦	ਖਰਾਦ ਗਾਈਡ	੭-੫੦
ਨਵੀਨ ਰਸੋਈ ਸਿਖਿਆ	੭-੫੦	ਇੰਗਲਿਸ਼ ਟੀਚਰ	੭-੦੦